ਸਹਿ ਅਕਾਦਮਿਕ ਵਿੱਦਿਅਕ ਮੁਕਾਬਲੇ
ਅਤੇ ਭਲਾਈ ਯੋਜਨਾਵਾਂ

# ਨਿਯਮਾਵਲੀ ਪੁਸਤਕ

2018–19








ਗੁਣਾਤਮਿਕ ਸਿੱਖਿਆ ਅਤੇ ਖੇਤਰੀ ਸੇਵਾਵਾਂ
ਪੰਜਾਬ ਸਕੂਲ ਸਿੱਖਿਆ ਬੋਰਡ
ਐੱਸ.ਏ.ਐੱਸ.ਨਗਰ, ਮੁਹਾਲੀ

# ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਹਿ-ਅਕਾਦਮਿਕ ਵਿੱਦਿਅਕ ਮੁਕਾਬਲਿਆਂ ਨੂੰ ਦਿੱਤਾ ਗਿਆ ਅਕਾਦਮਿਕ ਲਾਭ

ਕਿਸੇ ਵੀ ਸਿੱਖਿਆ ਕ੍ਰਮ ਵਿੱਚ ਸਹਿ-ਅਕਾਦਮਿਕ ਕਿਰਿਆਵਾਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਹਿ-ਅਕਾਦਮਿਕ ਕਿਰਿਆਵਾਂ ਵਜੋਂ ਆਯੋਜਿਤ ਕੀਤੇ ਜਾਂਦੇ ਵਿੱਦਿਅਕ ਮੁਕਾਬਲੇ ਰਾਜ ਦੇ ਸਕੂਲੀ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵਿੱਚ ਸਹਾਈ ਤਾਂ ਹੁੰਦੇ ਹੀ ਹਨ, ਇਸ ਦੇ ਨਾਲ਼ ਹੀ ਇਹ ਸਾਡੇ ਵਿਰਸੇ ਅਤੇ ਸੱਭਿਆਚਾਰ ਦੇ ਰੱਖਿਅਕ ਵੀ ਹਨ।

ਅਜਿਹੇ ਮੁਕਾਬਲਿਆਂ ਦੇ ਮਹੱਤਵ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਸਿੱਖਿਆ ਵਿਭਾਗ ਅਤੇ ਬੋਰਡ ਵੱਲੋਂ ਆਯੋਜਿਤ ਇਹਨਾਂ ਸੱਭਿਆਚਾਰਿਕ ਮੁਕਾਬਲਿਆਂ ਨੂੰ ਯੂਨੀਵਰਸਿਟੀ ਪੱਧਰ ਦੇ ਅੰਤਰ ਖੇਤਰ ਯੁਵਕ ਮੇਲਿਆਂ ਵਿੱਚ ਪ੍ਰਾਪਤੀ ਦੇ ਬਰਾਬਰ ਮੰਨਿਆ ਗਿਆ ਹੈ ਅਤੇ ਇਹਨਾਂ ਹੀ ਲੀਹਾਂ ’ਤੇ ਸਕੂਲ ਪੱਧਰ ’ਤੇ ਵੀ ਇਹਨਾਂ ਮੁਕਾਬਲਿਆਂ ਨੂੰ ਅਕਾਦਮਿਕ ਲਾਭ ਦਿੱਤਾ ਗਿਆ ਹੈ। ਸਕੂਲ ਪੱਧਰ ’ਤੇ ਬੋਰਡ ਨਾਲ਼ ਸੰਬੰਧਿਤ ਹਰੇਕ ਸਰਕਾਰੀ, ਮਾਨਤਾ ਪ੍ਰਾਪਤ ਅਤੇ ਐਫ਼ੀਲੀਏਟਿਡ ਸੰਸਥਾਵਾਂ ਵਿੱਚ ਪ੍ਰਤਿ 50 ਵਿਦਿਆਰਥੀ ਦੀ ਗਿਣਤੀ ਪਿੱਛੇ ਕਿਸੇ ਵੀ ਸਕੂਲ ਪੱਧਰ (ਮਿਡਲ, ਮੈਟ੍ਰਿਕ, ਸੀਨੀਅਰ ਸੈਕੰਡਰੀ) ਦੀ ਪ੍ਰਵੇਸ਼ **ਸ਼੍ਰੇਣੀ** (ਛੇਵੀਂ, ਨੌਵੀਂ, ਗਿਆਰ੍ਹਵੀਂ) ਵਿੱਚ ਬੋਰਡ ਵੱਲੋਂ ਪ੍ਰਵਾਨਿਤ ਸੀਟਾਂ ਤੋਂ ਇਲਾਵਾ ਇੱਕ ਵਾਧੂ ਸੀਟ ਬੋਰਡ ਵੱਲੋਂ ਆਯੋਜਿਤ ਵਿੱਦਿਅਕ ਮੁਕਾਬਲਿਆਂ ਵਿੱਚ ਭਾਗ ਲੈਣ ਵਾਲ਼ੇ ਵਿਦਿਆਰਥੀਆਂ ਲਈ, ਉਹਨਾਂ ਦੀ ਪ੍ਰਾਪਤੀ-ਕ੍ਰਮ ਅਨੁਸਾਰ ਰਾਖਵੀਂ ਕੀਤੀ ਗਈ ਹੈ।

# ਪੰਜਾਬ ਸਕੂਲ ਸਿੱਖਿਆ ਬੋਰਡ

## ਗੁਣਾਤਮਿਕ ਸਿੱਖਿਆ ਅਤੇ ਖੇਤਰੀ ਸੇਵਾਵਾਂ ਸ਼ਾਖਾ ਵੱਲੋਂ ਆਯੋਜਿਤ ਸਹਿ-ਅਕਾਦਮਿਕ ਵਿੱਦਿਅਕ ਮੁਕਾਬਲੇ

## ਸੈਸ਼ਨ 2018-19

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾਣ ਵਾਲ਼ੇ ਸਹਿ-ਅਕਾਦਮਿਕ ਵਿੱਦਿਅਕ ਮੁਕਾਬਲਿਆਂ ਦੇ ਕੁੱਲ ਤਿੰਨ ਪੱਧਰ ਹੋਣਗੇ। (1) ਜ਼ਿਲ੍ਹਾ-ਪੱਧਰ (2) ਖੇਤਰ-ਪੱਧਰ (3) ਰਾਜ-ਪੱਧਰ। ਇਹ ਮੁਕਾਬਲੇ ਤਿੰਨ ਵਰਗਾਂ (ਪ੍ਰਾਇਮਰੀ ਵਰਗ, ਮਿਡਲ ਵਰਗ, ਸੈਕੰਡਰੀ ਵਰਗ) ਵਿੱਚ ਕਰਵਾਏ ਜਾਣਗੇ। ਇਹਨਾਂ ਨੂੰ ਸੁਚਾਰੂ ਢੰਗ ਨਾਲ਼ ਕਰਵਾਉਣ ਲਈ ਪੰਜਾਬ ਦੇ 22 ਜ਼ਿਲ੍ਹਿਆਂ ਨੂੰ ਚਾਰ ਖੇਤਰਾਂ ਵਿੱਚ ਵੰਡਿਆ ਗਿਆ ਹੈ, ਜਿਨ੍ਹਾਂ ਦਾ ਵੇਰਵਾ ਨਿਯਮਾਵਲੀ ਪੁਸਤਕ' ਵਿੱਚ ਅੱਗੇ ਦਿੱਤਾ ਗਿਆ ਹੈ:-

### ਵਰਗ ਅਨੁਸਾਰ ਮੁਕਾਬਲਿਆਂ ਦਾ ਵੇਰਵਾ:-

**1. ਪ੍ਰਾਇਮਰੀ (ਪਹਿਲੀ ਤੋਂ ਪੰਜਵੀਂ ਸ਼੍ਰੇਣੀ ਤੱਕ)**

(1) ਸ਼ਬਦ-ਗਾਇਨ (2) ਭਾਸ਼ਣ (3) ਸੁੰਦਰ ਲਿਖਾਈ (4) ਚਿੱਤਰਕਲਾ (5) ਸਹੀ ਸ਼ਬਦ ਜੋੜ
(6) ਸੋਲੋ-ਡਾਂਸ (7) ਲੋਕ-ਗੀਤ

**2. ਮਿਡਲ ਵਰਗ (ਛੇਵੀਂ ਤੋਂ ਅੱਠਵੀਂ ਸ਼੍ਰੇਣੀ ਤੱਕ)**

(1) ਸ਼ਬਦ-ਗਾਇਨ (2) ਭਾਸ਼ਣ (3) ਸੁੰਦਰ-ਲਿਖਾਈ (4) ਚਿੱਤਰਕਲਾ (5) ਸੋਲੋ-ਡਾਂਸ (6) ਲੋਕ-ਗੀਤ
(7) ਆਮ-ਗਿਆਨ (8) ਕਵੀਸ਼ਰੀ (9) ਵਾਰ-ਗਾਇਨ (10) ਕਵਿਤਾ-ਉਚਾਰਨ (11) ਭੰਗੜਾ-ਮੁੰਡਿਆਂ ਲਈ
(12) ਗਿੱਧਾ-ਕੁੜੀਆਂ ਲਈ।

ਵਾਰ-ਗਾਇਨ, ਕਵੀਸ਼ਰੀ, ਆਮ-ਗਿਆਨ, ਭੰਗੜਾ (ਮੁੰਡਿਆਂ ਲਈ) ਅਤੇ ਗਿੱਧਾ (ਕੁੜੀਆਂ ਲਈ), ਸਿੱਧੇ ਤੌਰ 'ਤੇ ਖੇਤਰ-ਪੱਧਰ 'ਤੇ ਕਰਵਾਏ ਜਾਣਗੇ। ਜ਼ਿਲ੍ਹਾ-ਪੱਧਰ 'ਤੇ ਬਾਕੀ ਦੇ 7 ਮੁਕਾਬਲੇ ਅੱਗੇ ਦਰਸਾਏ ਆਯੋਜਨ ਕੇਂਦਰਾਂ 'ਤੇ ਹੀ ਕਰਵਾਏ ਜਾਣਗੇ।

**3. ਸੈਕੰਡਰੀ ਵਰਗ (ਨੌਂਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਤੱਕ)**

(1)ਸ਼ਬਦ-ਗਾਇਨ (2) ਭਾਸ਼ਣ(3)ਸੁੰਦਰ-ਲਿਖਾਈ (4) ਚਿੱਤਰਕਲਾ (5) ਲੋਕ-ਗੀਤ (6) ਆਮ-ਗਿਆਨ (7) ਕਵੀਸ਼ਰੀ (8) ਵਾਰ-ਗਾਇਨ (9) ਕਵਿਤਾ ਉਚਾਰਨ (10) ਮੌਲਿਕ ਲਿਖਤ (11) ਭੰਗੜਾ (12) ਗਿੱਧਾ
(13) ਪੰਜਾਬੀ ਲੋਕ-ਨਾਚ ਸੰਮੀ ਅਤੇ ਲੁੱਡੀ (ਕੁੜੀਆਂ ਲਈ) ਮਲਵਈ ਗਿੱਧਾ ਅਤੇ ਝੂੰਮਰ (ਮੁੰਡਿਆਂ ਲਈ) (14) ਇਕਾਂਗੀ(15) ਗਤਕਾ-ਮੁੰਡਿਆਂ ਲਈ (16) ਗਤਕਾ-ਕੁੜੀਆਂ ਲਈ (17) ਲੰਮੀ ਹੇਕ ਵਾਲ਼ੇ ਗੀਤ ਕੇਵਲ ਕੁੜੀਆਂ ਲਈ।

ਤੀਜੇ ਵਰਗ ਦੇ ਕੁੱਲ 17 ਮੁਕਾਬਲਿਆਂ ਵਿੱਚੋਂ ਮੌਲਿਕ-ਲਿਖਤ, ਵਾਰ-ਗਾਇਨ, ਕਵੀਸ਼ਰੀ, ਆਮ-ਗਿਆਨ, ਭੰਗੜਾ (ਮੁੰਡਿਆਂ ਲਈ), ਗਿੱਧਾ (ਕੁੜੀਆਂ ਲਈ), ਲੋਕ-ਨਾਚ, ਇਕਾਂਗੀ, ਗਤਕਾ (ਮੁੰਡਿਆਂ ਲਈ) ਗਤਕਾ, (ਕੁੜੀਆਂ ਲਈ) ਅਤੇ ਲੰਮੀ ਹੇਕ ਵਾਲ਼ੇ ਗੀਤ ਕੇਵਲ ਕੁੜੀਆਂ ਲਈ ਸਿੱਧੇ ਖੇਤਰ-ਪੱਧਰ 'ਤੇ ਕਰਵਾਏ ਜਾਣਗੇ। ਜ਼ਿਲ੍ਹਾ-ਪੱਧਰ 'ਤੇ ਬਾਕੀ ਦੇ 6 ਮੁਕਾਬਲੇ ਅੱਗੇ ਦਰਸਾਏ ਆਯੋਜਨ ਕੇਂਦਰਾਂ ਵਿਖੇ ਹੀ ਕਰਵਾਏ ਜਾਣਗੇ।

**4. ਮੁਕਾਬਲਿਆਂ ਵਿੱਚ ਹਿੱਸਾ ਲੈਣ ਦੀ ਵਿਧੀ :**

**(ੳ) ਪ੍ਰਵੇਸ਼ ਕਮ-ਰਜਿਸਟਰੇਸ਼ਨ ਫ਼ਾਰਮ-(ਤਿੰਨੇ ਵਰਗਾਂ ਲਈ)**

ਕਿਸੇ ਵੀ ਸਕੂਲ ਮੁਖੀ ਵੱਲੋਂ ਆਪਣੇ ਸਕੂਲ ਦੇ ਵਿਦਿਆਰਥੀਆਂ ਦੀ ਰੁਚੀ ਅਤੇ ਕਾਬਲੀਅਤ ਨੂੰ ਧਿਆਨ ਵਿੱਚ ਰੱਖ ਕੇ ਨਿਯਮਾਵਲੀ ਪੁਸਤਕ' ਵਿੱਚ ਦਰਜ ਹਦਾਇਤਾਂ ਅਨੁਸਾਰ ਜ਼ਿਲ੍ਹਾ-ਪੱਧਰ ਦੇ ਮੁਕਾਬਲਿਆਂ ਲਈ ਇੱਕ ਵਿਦਿਆਰਥੀ/ਟੀਮ ਦਾ ਪੂਰਾ ਵੇਰਵਾ ਅਤੇ ਆਪਣੇ ਸਕੂਲ ਦਾ ਪੂਰਾ ਪਤਾ, ਸਕੂਲ ਦਾ ਕੋਡ ਨੰਬਰ,ਵਿਦਿਆਰਥੀ ਦੇ ਅਧਾਰ ਕਾਰਡ ਦੀ ਕਾਪੀ ਸਮੇਤ, ਪ੍ਰਿੰਸੀਪਲ ਦਾ ਮੋਬਾਇਲ ਨੰਬਰ ਅਤੇ ਸਕੂਲ ਦਾ ਫ਼ੋਨ ਨੰਬਰ, ਜ਼ਿਲ੍ਹਾ ਅੰਤ ਵਿੱਚ ਲੱਗੇ ਪ੍ਰਵੇਸ਼-ਕਮ-ਰਜਿਸਟਰੇਸ਼ਨ ਫ਼ਾਰਮ (ਐਫ਼ਪੀ.-2), ਵਿੱਚ ਦਰਜ ਕਰਨਾ ਜਰੂਰੀ ਹੈ। ਫਾਰਮ ਹਰ ਪੱਖੋਂ ਮੁਕੰਮਲ ਕਰਕੇ ਮੁਕਾਬਲੇ ਵਾਲੇ ਦਿਨ ਆਪਣੇ ਜ਼ਿਲ੍ਹੇ/ਖੇਤਰ ਦੇ ਆਯੋਜਨ ਕੇਂਦਰ ਵਿੱਚ ਜਮ੍ਹਾਂ ਕਰਵਾਏ

ਜਾਣਗੇ। ਇਸ ਫਾਰਮ ਦੀ ਇੱਕ ਪੜ੍ਹਤ, ਭਾਗ ਲੈਣ ਵਾਲ਼ੀ ਸੰਸਥਾ ਅਪਣੇ ਕੋਲ ਰੱਖੇਗੀ। ਹਰੇਕ ਵਰਗ ਲਈ ਮੁਕਾਬਲੇ-ਵਾਰ ਵੱਖ-ਵੱਖ ਪ੍ਰਵੇਸ਼ ਕੰਮ-ਰਜਿਸਟਰੇਸ਼ਨ-ਫਾਰਮ ਭਰ ਕੇ ਭੇਜੇ ਜਾਣ।ਫਾਰਮ ਵਿੱਚ ਨਿਸ਼ਚਿਤ ਸਥਾਨ'ਤੇ ਵਿਦਿਆਰਥੀ ਦੀ ਸਟੈਂਪ ਸਾਈਜ਼ ਤਸਦੀਕ ਸ਼ੁਦਾ ਫੋਟੋ ਚਿਪਕਾਈ ਜਾਣੀ ਜਰੂਰੀ ਹੈ। ਅਧੂਰੇ ਅਤੇ ਦੇਰ ਨਾਲ਼ ਪ੍ਰਾਪਤ ਹੋਏ ਫਾਰਮਾਂ ਸੰਬੰਧੀ ਆਯੋਜਨ ਕੇਂਦਰ ਮੁਖੀ ਹਾਲਾਤ ਵਾਚਣ ਉਪਰੰਤ ਆਪਣੇ ਪੱਧਰ 'ਤੇ ਯੋਗ ਨਿਰਨਾ ਲੈ ਸਕਦੇ ਹਨ।

**ਨੋਟ: 1. ਇਹਨਾਂ ਮੁਕਾਬਲਿਆਂ ਵਿੱਚ ਪੰਜਾਬ ਰਾਜ ਦੇ ਸਰਕਾਰੀ, ਏਡਿਡ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ਼ ਐਫ਼ੀਲੀਏਟਿਡ ਸਕੂਲਾਂ ਦੇ ਰੈਗੂਲਰ ਵਿਦਿਆਰਥੀ ਹੀ ਭਾਗ ਲੈ ਸਕਦੇ ਹਨ।**

**5. ਰਜਿਸਟਰੇਸ਼ਨ ਅਤੇ ਮੁਕਾਬਲਿਆਂ ਦਾ ਸਮਾਂ:**

ਜਿਲ੍ਹਾ, ਖੇਤਰ ਅਤੇ ਰਾਜ - ਪੱਧਰ ਦੇ ਮੁਕਾਬਲਿਆਂ ਦੀ/ਵਰਗ ਵਾਰ, ਰਜਿਸਟਰੇਸ਼ਨ ਨਿਸ਼ਚਿਤ ਮਿਤੀਆਂ ਵਾਲ਼ੇ ਦਿਨ ਸਵੇਰੇ 10.00 ਵਜੇ ਤੱਕ ਸੰਬੰਧਿਤ ਆਯੋਜਨ ਕੇਂਦਰਾਂ ਵਿੱਚ ਕੀਤੀ ਜਾਵੇਗੀ। ਇਸ ਤੋਂ ਬਾਅਦ ਪਹੁੰਚਣ ਵਾਲੇ ਵਿਦਿਆਰਥੀ/ਟੀਮ ਨੂੰ ਕਿਸੇ ਵੀ ਮੁਕਾਬਲੇ ਵਿੱਚ ਭਾਗ ਲੈਣ ਦੀ ਆਗਿਆ ਨਹੀਂ ਹੋਵੇਗੀ।ਸੰਬੰਧਿਤ ਟੀਮਾਂ/ ਵਿਦਿਆਰਥੀਆਂ ਨੂੰ ਆਯੋਜਨ ਕੇਂਦਰ ਚ ਸਮੇਂ-ਸਿਰ ਪਹੁੰਚਾਉਣ ਦੀ ਜ਼ਿੰਮੇਵਾਰੀ ਟੀਮ ਮੁਖੀ/ਸਕੂਲ ਮੁਖੀ ਦੀ ਹੋਵੇਗੀ। ਮੁਕਾਬਲੇ ਸ਼ੁਰੂ ਹੋਣ ਦਾ ਸਮਾ ਸਵੇਰੇ 10. 15 ਵਜੇ ਦਾ ਹੋਵੇਗਾ।

**6. ਮੁਕਾਬਲਿਆਂ ਦੀਆਂ ਮਿਤੀਆਂ:-**

**ਜ਼ਿਲ੍ਹਾ-ਪੱਧਰ ਦੇ ਮੁਕਾਬਲੇ ਹੇਠ ਲਿਖੇ ਅਨੁਸਾਰ ਦੋ ਰੂਟਾਂ ਵਿੱਚ ਕਰਵਾਏ ਜਾਣਗੇ:**

**(ੳ)**

| **ਜਿਲ੍ਹਾ-ਪੱਧਰ: ਪਹਿਲਾ ਰੂਟ** | | **ਜਿਲ੍ਹਾ -ਪੱਧਰ: ਦੂਜਾ ਰੂਟ** | |
|---|---|---|---|
| **ਪ੍ਰਾਇਮਰੀ ਵਰਗ** | **17.08.2018** | ਪ੍ਰਾਇਮਰੀ ਵਰਗ | **05.10.2018** |
| ਮਿਡਲ ਵਰਗ | **18.08.2018** | ਮਿਡਲ ਵਰਗ | **06.10.2018** |
| ਸੈਕੰਡਰੀ ਵਰਗ | **19.08.2018** | ਸੈਕੰਡਰੀ ਵਰਗ | **07.10.2018** |

**ਜ਼ਿਲ੍ਹਾ-ਪੱਧਰ ਲਈ ਪਹਿਲਾ ਰੂਟ:-** (ਬਠਿੰਡਾ, ਪਟਿਆਲਾ, ਜਲੰਧਰ, ਫਾਜ਼ਿਲਕਾ, ਸ਼ਹੀਦ ਭਗਤ ਸਿੰਘ ਨਗਰ, ਫਿਰੋਜ਼ਪੁਰ, ਰੋਪੜ, ਬਰਨਾਲਾ, ਪਠਾਨਕੋਟ, ਲੁਧਿਆਣਾ, ਮਾਨਸਾ)

**ਜ਼ਿਲ੍ਹਾ-ਪੱਧਰ ਲਈ ਦੂਜਾ ਰੂਟ:-** (ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਫਤਿਹਗੜ੍ਹ ਸਾਹਿਬ, ਮੋਗਾ, ਫਰੀਦਕੋਟ, ਐੱਸ.ਏ.ਐੱਸ.ਨਗਰ (ਮੁਹਾਲੀ), ਸ੍ਰੀ ਮੁਕਤਸਰ ਸਾਹਿਬ, ਗੁਰਦਾਸਪੁਰ, ਹੁਸ਼ਿਆਰਪੁਰ, ਸੰਗਰੂਰ)

**(ਅ) ਖੇਤਰ-ਪੱਧਰ ਦੀਆਂ ਮਿਤੀਆਂ:-**

**ਪ੍ਰਾਇਮਰੀ ਵਰਗ 03.11.2018**
ਮਿਡਲ ਵਰਗ **04.11.2018**
ਸੈਕੰਡਰੀ ਵਰਗ **05.11.2018**

**(ੲ) ਰਾਜ -ਪੱਧਰ ਦੀਆਂ ਮਿਤੀਆਂ**

**ਪ੍ਰਾਇਮਰੀ ਵਰਗ 07.12.2018**
ਮਿਡਲ ਵਰਗ **08.12.2018**
ਸੈਕੰਡਰੀ ਵਰਗ **09.12.2018**

**(ਸ) ਵੱਖ-ਵੱਖ ਖੇਤਰਾਂ ਵਿੱਚ ਆਉਂਦੇ ਜ਼ਿਲ੍ਹਿਆਂ ਦਾ ਵੇਰਵਾ:-**

| **ਖੇਤਰ** | **ਜ਼ਿਲ੍ਹੇ** |
|---|---|
| ਅੰਮ੍ਰਿਤਸਰ | ਅੰਮ੍ਰਿਤਸਰ, ਗੁਰਦਾਸਪੁਰ, ਕਪੂਰਥਲਾ, ਤਰਨਤਾਰਨ, ਪਠਾਨਕੋਟ। |
| ਬਠਿੰਡਾ | ਫਰੀਦਕੋਟ, ਬਠਿੰਡਾ, ਫਿਰੋਜ਼ਪੁਰ, ਮਾਨਸਾ, ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ। |
| ਪਟਿਆਲਾ | ਪਟਿਆਲਾ, ਫਤਿਹਗੜ੍ਹ ਸਾਹਿਬ, ਐੱਸ.ਏ.ਐੱਸ.ਨਗਰ, ਰੋਪੜ, ਸੰਗਰੂਰ। |
| ਜਲੰਧਰ | ਜਲੰਧਰ, ਲੁਧਿਆਣਾ, ਮੋਗਾ, ਬਰਨਾਲਾ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ। |

**(ਹ) ਜ਼ਰੂਰੀ ਨੋਟ: ਖੇਤਰ ਅਤੇ ਰਾਜ-ਪੱਧਰ ਦੇ ਮੁਕਾਬਲਿਆਂ ਦੇ ਗਤਕਾ ਅਤੇ ਇਕਾਂਗੀ ਮੁਕਾਬਲੇ ਜੋ ਸੈਕੰਡਰੀ ਪੱਧਰ ਦੇ ਹਨ, ਪ੍ਰਾਇਮਰੀ-ਵਰਗ ਦੇ ਮੁਕਾਬਲਿਆਂ ਵਾਲ਼ੇ ਦਿਨ ਭਾਵ (ਮੁਕਾਬਲਿਆਂ ਦੇ ਪਹਿਲੇ ਦਿਨ) ਕਰਵਾਏ ਜਾਣਗੇ।**

**7. ਆਯੋਜਨ ਵਿਧੀ:**

**(ੳ) ਜ਼ਿਲ੍ਹਾ-ਪੱਧਰ:**

(1) ਇਹ ਮੁਕਾਬਲੇ ਨਿਯਮਾਵਲੀ ਪੁਸਤਕ' ਵਿੱਚ ਦਰਜ ਅਧਿਐਨ ਕੇਂਦਰਾਂ ਵਿਖੇ ਨਿਸ਼ਚਿਤ ਮਿਤੀਆਂ ਅਨੁਸਾਰ ਬੋਰਡ ਵੱਲੋਂ ਕਰਵਾਏ ਜਾਣਗੇ।

(2) ਹਰੇਕ ਜ਼ਿਲ੍ਹੇ ਵਿੱਚ ਇਹਨਾਂ ਮੁਕਾਬਲਿਆਂ ਦੇ ਸੁਚੱਜੇ ਆਯੋਜਨ/ਪ੍ਰਬੰਧ ਲਈ ਬੋਰਡ ਦੇ ਦਫ਼ਤਰ ਵੱਲੋਂ ਦੋ ਅਧਿਕਾਰੀ ਅਤੇ ਇੱਕ ਕਰਮਚਾਰੀ ਨਿਯੁਕਤ ਕੀਤਾ ਜਾਵੇਗਾ।

(3) ਜ਼ਿਲ੍ਹਾ-ਪੱਧਰ 'ਤੇ ਹਰੇਕ ਮੁਕਾਬਲੇ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲ਼ੇ ਵਿਦਿਆਰਥੀ/ਟੀਮਾਂ ਖੇਤਰ-ਪੱਧਰ 'ਤੇ ਹੋਣ ਵਾਲ਼ੇ ਮੁਕਾਬਲਿਆਂ ਵਿੱਚ ਭਾਗ ਲੈ ਸਕਣਗੇ।

(4) ਆਯੋਜਨ ਕੇਂਦਰ ਮੁਖੀ ਜੇਤੂ ਵਿਦਿਆਰਥੀ/ਟੀਮਾਂ ਨੂੰ ਖੇਤਰ 'ਤੇ ਭਾਗ ਲੈਣ ਲਈ ਆਰਜ਼ੀ ਸਰਟੀਫ਼ਿਕੇਟ ਜਾਰੀ ਕਰਨਗੇ।

**(ਅ) ਖੇਤਰ-ਪੱਧਰ:**

(1) ਖੇਤਰ-ਪੱਧਰ 'ਤੇ ਹੋਣ ਵਾਲ਼ੇ ਮੁਕਾਬਲਿਆਂ ਦੀ ਐਂਟਰੀ ਸਿੱਧੀ ਖੇਤਰ-ਪੱਧਰ 'ਤੇ ਹੀ ਹੋਵੇਗੀ ਅਤੇ ਰਜਿਸਟਰੇਸ਼ਨ ਫਾਰਮ ਮੁਕਾਬਲੇ ਵਾਲੇ ਦਿਨ 9-00 ਵਜੇ ਤੋਂ **ਪਹਿਲਾਂ ਹਰ ਹਾਲਤ ਵਿੱਚ ਆਯੋਜਨ ਕੇਂਦਰਾਂ ਵਿੱਚ ਪਹੁੰਚਣੇ ਜ਼ਰੂਰੀ ਹਨ।**

(2) ਖੇਤਰ-ਪੱਧਰ ਦੇ ਟੀਮ ਮੁਕਾਬਲੇ ਵਿੱਚ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲ਼ੀਆਂ ਟੀਮਾਂ ਅਤੇ ਵਿਦਿਆਰਥੀ ਰਾਜ-ਪੱਧਰ 'ਤੇ ਭਾਗ ਲੈ ਸਕਦੇ ਹਨ ਅਤੇ ਸਿੰਗਲ ਮੁਕਾਬਲੇ ਭਾਵ ਸੁੰਦਰ ਲਿਖਾਈ, ਚਿੱਤਰਕਲਾ, ਭਾਸ਼ਣ, ਕਵਿਤਾ, ਆਮ ਗਿਆਨ, ਮੌਲਿਕ ਲਿਖਤ, ਸੋਲੋ-ਡਾਂਸ, ਗੀਤ ਆਦਿ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲ਼ੇ ਰਾਜ ਪੱਧਰ 'ਤੇ ਭਾਗ ਲੈ ਸਕਦੇ ਹਨ।

**(ੲ) ਰਾਜ -ਪੱਧਰ:**

(1) ਰਾਜ-ਪੱਧਰ ਦੇ ਮੁਕਾਬਲੇ ਨਿਯਮਾਵਲੀ ਪੁਸਤਕ ਵਿੱਚ ਦਰਜ ਮਿਤੀਆਂ ਅਨੁਸਾਰ(ਐੱਸ.ਏ.ਐੱਸ ਨਗਰ) ਮੁਹਾਲੀ ਵਿਖੇ ਆਯੋਜਿਤ ਕਰਵਾਏ ਜਾਣਗੇ।ਜੇਕਰ ਇਸ ਸੰਬੰਧੀ ਕੋਈ ਸੋਧ/ਤਬਦੀਲੀ ਬੋਰਡ
ਵੱਲੋਂ ਕੀਤੀ ਜਾਂਦੀ ਹੈ ਤਾਂ ਉਸ ਦੀ ਸੂਚਨਾ ਵੇਰਵੇ ਸਹਿਤ ਬੋਰਡ ਵੱਲੋਂ ਖੇਤਰ ਵਿੱਚ ਦੇ ਦਿੱਤੀ ਜਾਵੇਗੀ।

**8. ਆਮ ਨਿਯਮ:**

(1) ਹਰੇਕ ਸਕੂਲ ਦਾ ਵਿਦਿਆਰਥੀ ਆਪਣੇ ਵਰਗ ਵਿੱਚ ਵੱਧ ਤੋਂ ਵੱਧ ਕਿਸੇ ਵੀ ਤਿੰਨ ਮੁਕਾਬਲਿਆਂ ਵਿੱਚ ਭਾਗ ਲੈ ਸਕਦਾ ਹੈ। ਇੱਥੇ ਸਪਸ਼ਟ ਕੀਤਾ ਜਾਂਦਾ ਹੈ ਕਿ ਸੁੰਦਰ ਲਿਖਾਈ ਦੇ ਵੱਖ ਵੱਖ ਮਾਧਿਅਮ ਵਿੱਚ ਕਰਵਾਏ ਜਾਂਦੇ ਮੁਕਾਬਲਿਆਂ 'ਚ ਇੱਕ ਸਕੂਲ ਦਾ ਕੇਵਲ ਇੱਕ ਵਿਦਿਆਰਥੀ ਹੀ ਭਾਗ ਲੈ ਸਕਦਾ ਹੈ। ਮੁਕਾਬਲਿਆਂ ਦੌਰਾਨ ਜੇਕਰ ਭਾਗ ਲੈਣ ਵਾਲ਼ਾ ਕੋਈ ਵਿਦਿਆਰਥੀ ਬਿਮਾਰ ਹੋ ਜਾਂਦਾ ਹੈ ਜਾਂ ਕਿਸੇ ਖ਼ਾਸ ਮਜਬੂਰੀ ਕਾਰਨ ਉਹ ਦੂਜੇ ਪੜਾਅ 'ਚ ਹੋਣ ਵਾਲ਼ੇ ਮੁਕਾਬਲੇ ਵਿੱਚ ਭਾਗ ਨਹੀਂ ਲੈ ਸਕਦਾ ਤਾਂ ਉਸ ਸੰਸਥਾ ਦਾ ਪ੍ਰਿੰਸੀਪਲ, ਬੋਰਡ ਵੱਲੋਂ ਆਏ ਅਧਿਕਾਰੀ ਨੂੰ ਅਰਜ਼ੀ ਦੇ ਨਾਲ਼ ਵਿਦਿਆਰਥੀ ਦੇ ਪੁਖਤਾ ਸਬੂਤ ਪੇਸ਼ ਕਰ ਸਕਦਾ ਹੈ। ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਹੀ ਉਸ ਦੀ ਥਾਂ 'ਤੇ ਕੋਈ ਦੂਜਾ ਵਿਦਿਆਰਥੀ ਜੋ ਉਸੇ ਵਰਗ ਦਾ ਹੋਵੇ, ਮੁਕਾਬਲੇ ਵਿੱਚ ਭਾਗ ਲੈ ਸਕੇਗਾ।ਪ੍ਰਵਾਨਗੀ ਉਪਰੰਤ ਭਾਗ ਲੈਣ ਵਾਲ਼ੇ ਵਿਦਿਆਰਥੀ ਨੂੰ ਹੀ ਇਨਾਮ/ਸਰਟੀਫ਼ਿਕੇਟ ਦਿੱਤਾ ਜਾਵੇਗਾ। ਇਸ ਨੂੰ ਵਾਧੂ ਪੇਸ਼ਕਾਰ ਨਾ ਸਮਝਿਆ ਜਾਵੇ।ਟੀਮ ਦੀ ਗਿਣਤੀ ਵਿੱਚ ਕੋਈ ਵਾਧਾ ਨਹੀਂ ਹੋਵੇਗਾ।

(2) ਹਰ ਸਾਲ ਸਕੂਲਾਂ ਵੱਲੋਂ ਲਗਾਤਾਰ ਇੱਕੋ ਹੀ ਆਇਟਮ ਵਾਰ- ਵਾਰ ਨਾ ਦੁਹਰਾਈ ਜਾਵੇ।

(3) **ਕੋਈ ਵੀ ਮੁਕਾਬਲੇ ਦੀ ਆਇਟਮ ਜ਼ਿਲ੍ਹਾ-ਪੱਧਰ ਤੋਂ ਬਾਅਦ, ਖੇਤਰ-ਪੱਧਰ ਅਤੇ ਰਾਜ-ਪੱਧਰ 'ਤੇ ਦੁਹਰਾਉਣੀ ਜ਼ਰੂਰੀ ਨਹੀਂ ਹੈ। ਆਇਟਮ ਨੂੰ ਦੂਜੇ ਵਰਗਾਂ ਵਿੱਚ ਬਦਲਿਆ ਜਾ ਸਕਦਾ ਹੈ ਭਾਵ ਜ਼ਿਲ੍ਹਾ-ਪੱਧਰ ਤੇ ਗਾਇਆ ਗੀਤ ਜਾਂ ਗਾਇਨ ਕੀਤੇ ਸ਼ਬਦ ਨੂੰ ਅਗਲੇ ਪੜ੍ਹਾਅ ਦੇ ਮੁਕਾਬਲਿਆਂ ਵਿੱਚ ਬਦਲਿਆ ਵੀ ਜਾ ਸਕਦਾ ਹੈ ।**

(4) ਟੀਮ/ਵਿਦਿਆਰਥੀ ਨਾਲ਼ ਭੇਜੇ ਗਏ ਅਧਿਆਪਕ ਲਈ ਆਯੋਜਕਾਂ ਵੱਲੋਂ ਮੰਗ ਕਰਨ 'ਤੇ ਆਪਣਾ ਰੰਗੀਨ ਪਛਾਣ-ਪੱਤਰ/ਸਕੂਲ ਮੁਖੀ ਵੱਲੋਂ ਜਾਰੀ ਕੀਤਾ ਗਿਆ ਅਥਾਰਿਟੀ ਪੱਤਰ' ਵਿਖਾਉਣਾ ਲਾਜ਼ਮੀ ਹੋਵੇਗਾ।

(5) ਹਰ ਮੁਕਾਬਲੇ ਲਈ ਨਿਰਧਾਰਿਤ ਸਮੇ ਵਿੱਚ 15 ਸੈਕਿੰਡ ਦੀ ਰਿਆਇਤ ਦਿੱਤੀ ਜਾਵੇਗੀ।

(6) ਮੁਕਾਬਲਿਆਂ ਲਈ ਬੋਰਡ ਵੱਲੋਂ ਨਿਸ਼ਚਿਤ ਕੀਤੀ ਗਈ ਟੀਮ ਮੈਂਬਰਾਂ ਦੀ ਗਿਣਤੀ ਘਟਾਈ/ਵਧਾਈ ਨਹੀਂ ਜਾਵੇਗੀ।

(7) ਕਿਸੇ ਵੀ ਮੁਕਾਬਲੇ ਵਿੱਚ ਕੋਈ ਵੀ ਅੰਸ਼ ਅਸ਼ਲੀਲ, ਰਾਸ਼ਟਰ ਵਿਰੋਧੀ, ਜਾਤ-ਪਾਤ, ਕਿਸੇ ਵਰਗ ਜਾਂ ਧਰਮ ਨੂੰ ਠੇਸ ਪਹੁੰਚਾਉਣ ਵਾਲ਼ਾ ਨਹੀਂ ਹੋਣਾ ਚਾਹੀਦਾ।

(8) ਮੁਕਾਬਲੇ ਵਿੱਚ ਭਾਗ ਲੈ ਰਹੇ ਕਿਸੇ ਵੀ ਸਕੂਲ ਦੇ ਵਿਦਿਆਰਥੀ, ਅਧਿਆਪਕ ਜਾਂ ਸਹਿਯੋਗੀ ਵੱਲੋਂ ਕਿਸੇ ਵੀ ਕਿਸਮ ਦੀ ਬਦਸਲੂਕੀ ਕਰਨ ਕਰਕੇ ਉਸ ਸਕੂਲ ਵਿਰੁੱਧ ਬੋਰਡ ਵੱਲੋਂ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

(9) ਅਧਿਆਪਕ ਅਤੇ ਵਿਦਿਆਰਥੀ ਇਸ ਗੱਲ ਦਾ ਖਾਸ ਧਿਆਨ ਰੱਖਣ ਕੇ ਨਤੀਜੇ ਘੋਸ਼ਿਤ ਹੋਣ ਉਪਰੰਤ ਜਦੋਂ ਇਨਾਮ ਵੰਡ ਸਮਰੋਹ ਚਲ ਰਿਹਾ ਹੁੰਦਾ ਹੈ ਤਾਂ ਉਸ ਸਮੇਂ ਨਤੀਜੇ ਨੂੰ ਲੈ ਕੇ ਕਿਸੇ ਪ੍ਰਕਾਰ ਦਾ ਵਿਗਨ ਨਾ ਪਾਉਣ ਜੇਕਰ ਕੋਈ ਵਿਦਿਆਰਥੀ/ ਅਧਿਆਪਕ ਅਜਿਹਾ ਕਰਦਾ ਹੈ ਤਾਂ ਅਜਿਹੀ ਸੂਰਤ ਵਿੱਚ ਬੋਰਡ ਵੱਲੋਂ ਉਸ ਸੰਸਥਾ/ਅਧਿਆਪਕ/ਵਿਦਿਆਰਥੀ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ। ਬੋਰਡ ਦੇ ਨਿਯਮਾਂ ਅਨੁਸਾਰ ਵਿੱਦਿਅਕ ਮੁਕਾਬਲਿਆਂ ਦੇ ਨਤੀਜੇ ਸੰਬੰਧੀ ਅੰਤਿਮ ਨਿਰਨਾ ਲੈਣ ਦਾ ਅਧਿਕਾਰ ਸਬੰਧਿਤ ਜੱਜਾਂ ਕੋਲ਼ ਹੁੰਦਾ ਹੈ ਫਿਰ ਵੀ ਜੇਕਰ ਕੋਈ ਸਕੂਲ/ਵਿਅਕਤੀ ਜੱਜਾਂ ਦੇ ਨਿਰਨੇ ਸੰਬੰਧੀ ਅਪੀਲ ਕਰਨਾ ਚਾਹੇ ਤਾਂ ਉਹ ਮੁਕਾਬਲਾ ਖ਼ਤਮ ਹੋਣ ਤੋਂ ਕੰਮ ਵਾਲ਼ੇ (Working Days) ਦੋ ਦਿਨਾਂ ਦੇ ਅੰਦਰ ਬੋਰਡ ਦੇ ਮੁੱਖ-ਦਫ਼ਤਰ ਵਿੱਚ ਗਰੁੱਪ ਆਈਟਮ ਲਈ 5000/- ਰੁਪਏ ਅਤੇ ਇਕੱਲੇ ਮੁਕਾਬਲੇ ਲਈ 3000/-ਰੁਪਏ ਪ੍ਰਤਿ ਮੁਕਾਬਲਾ, ਅਪੀਲ-ਫ਼ੀਸ ਜਮ੍ਹਾਂ ਕਰਵਾ ਕੇ 5 ਦਿਨਾਂ ਦੇ ਅੰਦਰ ਪੂਰੇ ਦਸਤਾਵੇਜੀ ਸਬੂਤਾਂ ਸਮੇਤ ਆਪਣੀ ਪ੍ਰਤਿ ਬੇਨਤੀ, ਉਪ-ਡਾਇਰੈਕਟਰ (ਫ਼ੀਲਡ ਪ੍ਰੋਗਰਾਮ) ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐੱਸ.ਏ.ਐੱਸ. ਨਗਰ, ਨੂੰ ਭੇਜ ਸਕਦਾ ਹੈ।ਜਮ੍ਹਾਂ ਕਰਵਾਈ ਫ਼ੀਸ ਦੀ ਅਸਲ ਰਸੀਦ ਪ੍ਰਤਿ ਬੇਨਤੀ ਨਾਲ਼ ਭੇਜੀ ਜਾਵੇ।ਇਹ ਫ਼ੀਸ ਕਿਸੇ ਵੀ ਸੂਰਤ ਵਿੱਚ ਮੋੜਨ ਯੋਗ ਨਹੀਂ ਹੋਵੇਗੀ। ਰਾਜ-ਪੱਧਰ ਦੇ ਮੁਕਾਬਲਿਆਂ ਵਿੱਚ ਅਪੀਲ ਦਰਸਾਈ ਵਿਧੀ ਅਨੁਸਾਰ ਮੌਕੇ 'ਤੇ ਕੀਤੀ ਜਾਵੇਗੀ ਅਤੇ ਤਕਨੀਕੀ ਕਮੇਟੀ ਉਸੇ ਵੇਲ਼ੇ ਅਪੀਲ 'ਤੇ ਨਿਰਨਾ ਦੇਵੇਗੀ।

(10) ਸੰਬੰਧਿਤ ਸਕੂਲ ਮੁਖੀ ਵੱਲੋਂ ਕਿਸੇ ਵੀ ਮੁਕਾਬਲੇ ਵਿੱਚ ਬਾਹਰਲੇ ਵਰਗ ਅਤੇ ਬਾਹਰਲੇ ਸਕੂਲ ਦੇ ਵਿਦਿਆਰਥੀ ਨੂੰ ਸ਼ਾਮਲ ਕਰਨ 'ਤੇ ਸਕੂਲ ਨੂੰ ਅਗਲੇ ਤਿੰਨ ਸਾਲਾਂ ਲਈ ਕਿਸੇ ਵੀ ਮੁਕਾਬਲੇ ਵਿੱਚ ਹਿੱਸਾ ਨਹੀਂ ਲੈਣ ਦਿੱਤਾ ਜਾਵੇਗਾ।

(11) ਸਹਿਯੋਗੀਆਂ ਨੂੰ ਟੀਮ ਦੇ ਮੈਂਬਰ ਤਦ ਹੀ ਮੰਨਿਆ ਜਾਵੇਗਾ ਜੇਕਰ ਉਹ ਸੰਬੰਧਿਤ ਵਰਗ ਦੇ ਵਿਦਿਆਰਥੀ ਹੋਣਗੇ ਅਤੇ ਟੀਮ ਦੇ ਮੈਂਬਰਾਂ ਲਈ ਨਿਸਚਿਤ ਗਿਣਤੀ (ਸੀਮਾ) ਅਧੀਨ ਆਉਣਗੇ।

(12) ਜੇਕਰ ਕਿਸੇ ਵੀ ਮੁਕਾਬਲੇ ਵਿੱਚ ਹਿੱਸਾ ਲੈ ਰਹੀ ਟੀਮ ਦੇ ਵਿਦਿਆਰਥੀ ਖ਼ੁਦ ਹੀ ਸਾਜ਼ ਵਜਾਉਂਦੇ ਹਨ ਤਾਂ ਸਮੁੱਚੇ ਪ੍ਰਭਾਵ ਹੇਠ ਉਹਨਾਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾ ਸਕਦਾ ਹੈ।

(13) ਗਿੱਧੇ, ਭੰਗੜੇ, ਲੋਕ-ਨਾਚਾਂ ਅਤੇ ਲੰਮੀ ਹੇਕ ਵਾਲ਼ੇ ਰਿਵਾਇਤੀ ਗੀਤਾਂ ਤੋਂ ਬਿਨਾਂ ਸਾਰੀਆਂ ਟੀਮਾਂ ਵਿੱਚ ਲੜਕੇ ਅਤੇ ਲੜਕੀਆਂ ਦੋਵੇਂ ਭਾਗ ਲੈ ਸਕਦੇ ਹਨ।

(14) ਇਹਨਾਂ ਨਿਯਮਾਂ ਵਿੱਚ ਕਿਸੇ ਕਿਸਮ ਦੀ ਸੋਧ/ ਤਬਦੀਲੀ/ ਛੋਟ ਅਤੇ ਵਿਆਖਿਆ ਕਰਨ ਦਾ ਅਧਿਕਾਰ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਕੋਲ਼ ਹੋਵੇਗਾ ਅਤੇ ਮੁਕਾਬਲਿਆਂ ਦੌਰਾਨ ਵਿਸ਼ੇਸ਼ ਸਥਿਤੀ, ਸਮੇ ਅਤੇ ਵਿਦਿਆਰਥੀ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਅਧਿਕਾਰ ਦੀ ਵਰਤੋਂ ਡਿਪਟੀ ਡਾਇਰੈਕਟਰ (ਫ਼ੀਲਡ ਪ੍ਰੋਗਰਾਮ) ਵੱਲੋਂ ਕੀਤੀ ਜਾ ਸਕਦੀ ਹੈ ।

## 9. ਇਨਾਮ ਅਤੇ ਸਰਟੀਫ਼ਿਕੇਟ:

(1) ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲ਼ੇ ਵਿਦਿਆਰਥੀਆਂ ਨੂੰ ਬੋਰਡ ਵੱਲੋਂ ਇਨਾਮ ਦਿੱਤੇ ਜਾਣਗੇ।ਜੇਤੂ ਵਿਦਿਆਰਥੀਆਂ ਦੇ ਸਰਟੀਫ਼ਿਕੇਟ ਸਾਰੇ ਮੁਕਾਬਲੇ ਖ਼ਤਮ **ਹੋਣ ਤੋਂ ਕੁਝ** ਦਿਨਾਂ ਉਪਰੰਤ ਸੰਬੰਧਿਤ ਸਕੂਲਾਂ ਵਿੱਚ ਭੇਜੇ ਜਾਣਗੇ।

(2) ਓਵਰ-ਆਲ ਟਰਾਫ਼ੀ ਲਈ ਰਾਜ-ਪੱਧਰ 'ਤੇ ਕੇਵਲ ਗਰੁੱਪ ਆਈਟਮ ਨੂੰ ਪਹਿਲੇ ਸਥਾਨ ਲਈ 10 ਅੰਕ, ਦੂਜੇ ਸਥਾਨ ਲਈ 7 ਅੰਕ ਅਤੇ ਤੀਜੇ ਸਥਾਨ ਨੂੰ 4 ਅੰਕ ਦਿੱਤੇ ਜਾਣਗੇ। ਇਕੱਲੇ ਮੁਕਾਬਲੇ ਲਈ ਪਹਿਲੇ ਸਥਾਨ ਨੂੰ 5 ਅੰਕ, ਦੂਜੇ ਸਥਾਨ ਨੂੰ 3 ਅੰਕ ਅਤੇ ਤੀਜੇ ਸਥਾਨ ਨੂੰ 1 ਅੰਕ ਦਿੱਤਾ ਜਾਵੇਗਾ।

**10. ਪਛਾਣ-ਪੱਤਰ ਸੰਬੰਧੀ:**

ਹਰ ਪੱਧਰ ’ਤੇ ਹਰੇਕ ਵਿਦਿਆਰਥੀ/ਅਧਿਆਪਕ/ਸਜ਼ਿੰਦੇ ਆਦਿ ਲਈ ਪਛਾਣ-ਪੱਤਰ ਸਕੂਲ ਮੁਖੀ ਵੱਲੋਂ ਤਸਦੀਕ ਕਰਕੇ ਦਿੱਤਾ ਜਾਵੇਗਾ। ਇਹ ਪਛਾਣ-ਪੱਤਰ ਵਿਦਿਆਰਥੀ/ਅਧਿਆਪਕ ਹਰ ਸਮੇਂ ਹਰ ਪੱਧਰ ’ਤੇ ਆਪਣੇ ਕੋਲ਼ ਰੱਖੇਗਾ। ਪਛਾਣ-ਪੱਤਰ ਜਾਰੀ ਕਰਨ ਦਾ ਨਮੂਨਾ ਨਿਯਮਾਵਲੀ ਪੁਸਤਕ ਵਿੱਚ ਦਰਜ ਹੈ। ਹਰ ਵਿਦਿਆਰਥੀ, ਅਧਿਆਪਕ ਅਤੇ ਸਜ਼ਿੰਦੇ ਲਈ ਉਸਦੀ ਰੰਗੀਨ ਫੋਟੋ ਉਸਦੇ ਪਛਾਣ-ਪੱਤਰ ਦਾ ਹਿੱਸਾ ਹੋਵੇਗਾ।

**11. ਜੱਜਾਂ ਦੀ ਨਿਯੁਕਤੀ ਅਤੇ ਜੱਜਮੈਂਟ ਕਾਰਜ:**

(1) ਆਮ-ਗਿਆਨ ਮੁਕਾਬਲੇ ਲਈ ਦੋ ਜੱਜ ਅਤੇ ਬਾਕੀ ਮੁਕਾਬਲਿਆਂ ਲਈ ਬੋਰਡ ਵੱਲੋਂ ਤਿੰਨ-ਤਿੰਨ ਜੱਜਾਂ ਦੀ ਨਿਯੁਕਤੀ ਕੀਤੀ ਜਾਵੇਗੀ।

(2) ਬੋਰਡ ਵੱਲੋਂ ਨਿਯੁਕਤ ਕੀਤੇ ਜੱਜਾਂ ਵਿੱਚੋਂ ਜੇਕਰ ਕੋਈ ਜੱਜ ਸਮੇ ਸਿਰ ਆਯੋਜਨ ਕੇਂਦਰ ਵਿੱਚ ਨਹੀਂ ਪਹੁੰਚਦਾ ਤਾਂ ਉਸ ਦੀ ਥਾਂ ’ਤੇ ਆਯੋਜਨ ਕੇਂਦਰ ਮੁਖੀ ਅਤੇ ਬੋਰਡ ਵੱਲੋਂ ਆਯੋਜਨ ਕੇਂਦਰ ’ਤੇ ਡਿਊਟੀ ਦੇ ਰਿਹਾ ਬੋਰਡ ਅਧਿਕਾਰੀ ਨਿਰਧਾਰਤ ਯੋਗਤਾ ਅਤੇ ਕਾਬਲੀਅਤ ਰੱਖਣ ਵਾਲ਼ੇ ਕਿਸੇ ਹੋਰ ਵਿਅਕਤੀ ਨੂੰ ਬਤੌਰ ਜੱਜ ਨਿਯੁਕਤ ਕਰ ਸਕਦੇ ਹਨ ਬਸ਼ਰਤੇ ਨਵ-ਨਿਯੁਕਤ ਜੱਜ ਨਾਲ਼ ਸੰਬੰਧਿਤ ਕੋਈ ਵਿਦਿਆਰਥੀ ਉਸ ਮੁਕਾਬਲੇ ਵਿੱਚ ਹਿੱਸਾ ਨਾ ਲੈ ਰਿਹਾ ਹੋਵੇ। ਜੱਜਮੈਂਟ ਕਰਨ ਵਾਲ਼ੇ ਜੱਜ ਇਕੱਠੇ ਬੈਠ ਸਕਦੇ ਹਨ ਅਤੇ ਆਪਸੀ ਤਾਲ਼-ਮੇਲ਼ ਨਾਲ਼ ਜਜਮੈਂਟ ਦਾ ਅੰਤਿਮ ਨਿਰਨਾ ਤਿਆਰ ਕਰਨਗੇ। ਅੰਤਿਮ ਨਤੀਜਾ ਸ਼ੀਟ ਤਿਆਰ ਕਰਕੇ ਮੁਕਾਬਲੇ ਦੌਰਾਨ ਮੌਜੂਦਾ ਬੋਰਡ ਅਧਿਕਾਰੀ ਨੂੰ ਸੌਂਪਣਗੇ।

(3) ਨਿਯੁਕਤ ਜੱਜ, ਜੱਜਮੈਂਟ ਲਈ ਵੱਖ-ਵੱਖ ਮੁਲਾਂਕਣ ਪ੍ਰੋਫ਼ਾਰਮੇ ਦੀ ਵਰਤੋਂ ਕਰਨਗੇ। ਮੁਲਾਂਕਣ ਪ੍ਰੋਫ਼ਾਰਮਿਆਂ ’ਤੇ ਜੱਜਾਂ ਵੱਲੋਂ ਵਿਦਿਆਰਥੀਆਂ/ਟੀਮਾਂ ਨੂੰ ਦਿੱਤੇ ਅੰਕਾਂ ਦੇ ਆਧਾਰ ’ਤੇ ਆਯੋਜਨ ਕੇਂਦਰ ਮੁਖੀ ਮੈਰਿਟ ਅਨੁਸਾਰ ਪਹਿਲੇ ਪੰਜ ਸਥਾਨ ਅਤੇ ਉਹਨਾਂ ਦੇ ਅੰਕ ਦਰਸਾਉਂਦੇ ਹੋਏ ਨਤੀਜਾ ਸ਼ੀਟ ਤਿਆਰ ਕਰਨਗੇ ਅਤੇ ਇਸ ’ਤੇ ਪੂਰੇ ਪਤੇ ਸਮੇਤ ਤਿੰਨੇ ਜੱਜਾਂ ਦੇ ਹਸਤਾਖਰ ਵੀ ਹੋਣੇ ਲਾਜ਼ਮੀ ਹਨ। ਇਹ ਨਤੀਜਾ ਸ਼ੀਟ ਆਯੋਜਨ ਕੇਂਦਰ ਮੁਖੀ ਵੱਲੋਂ ਵੀ ਤਸਦੀਕ ਕੀਤੀ ਜਾਵੇਗੀ।

(4) ਜੇਕਰ ਕੋਈ ਜੱਜ ਸਾਹਿਬਾਨ ਚਾਹੁਣ ਤਾਂ ਆਪਸੀ ਸਹਿਮਤੀ ਬਣਾ ਕੇ ਭਾਗ ਲੈ ਚੁੱਕੀਆਂ ਟੀਮਾਂ ਦੀ ਪੇਸ਼ਕਾਰੀ ’ਤੇ ਟਿੱਪਣੀ ਕਰਕੇ ਉਹਨਾਂ ਦੀਆਂ ਊਣਤਾਈਆਂ ਬਾਰੇ ਜਾਣਕਾਰੀ ਵੀ ਦੇ ਸਕਦੇ ਹਨ।

(5) ਨਿਯਮਾਵਲੀ ਪੁਸਤਕ’ ਵਿੱਚ ਦਰਜ ਅੰਕਾਂ ਦੀ ਵੰਡ ਦੇ ਆਧਾਰ ’ਤੇ ਹੀ ਮੁਕਾਬਲਿਆਂ ਦੀ ਜੱਜਮੈਂਟ ਕੀਤੀ ਜਾਵੇ।

(6) ਮੁਕਾਬਲੇ ਦੀ ਅੰਤਿਮ ਜੱਜਮੈਂਟ ਵਿੱਚ ਲੜੀ ਨੰ: ਕੋਡ ਦੇ ਨਾਲ਼-ਨਾਲ਼ ਵਿਦਿਆਰਥੀ/ਟੀਮ ਦੇ ਵਿਦਿਆਰਥੀਆਂ ਦਾ ਨਾਂ ਅਤੇ ਸਕੂਲ ਦਾ ਨਾਂ, ਪੂਰਾ ਅਤੇ ਸਹੀ ਦਰਜ ਕੀਤਾ ਜਾਵੇ।

(7) ਪਹਿਲੇ ਤੋਂ ਪੰਜਵੇਂ ਸਥਾਨ ’ਤੇ ਆਉਣ ਵਾਲ਼ੇ ਵਿਦਿਆਰਥੀ/ਟੀਮ ਦੇ ਪੂਰੇ ਵਿਦਿਆਰਥੀਆਂ ਦੇ ਨਾਂ, ਸਕੂਲ ਦਾ ਪੂਰਾ ਅਤੇ ਸਹੀ ਨਾਂ, ਨਾਲ਼ ਭਰੇ ਨਤੀਜਾ ਪ੍ਰੋਫ਼ਾਰਮਾ ਅਤੇ ਰਜਿਸਟਰੇਸ਼ਨ-ਫ਼ਾਰਮ ਤਿਆਰ ਕੀਤੀ ਅੰਤਿਮ ਜੱਜਮੈਂਟ ਦੇ ਨਾਲ਼-ਨੱਥੀ ਕੀਤੇ ਜਾਣ। ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

**12. ਨਤੀਜੇ:**

ਹਰੇਕ ਪੱਧਰ ਦੇ ਹਰੇਕ ਮੁਕਾਬਲੇ ਵਿੱਚੋਂ ਤਿੰਨ ਸਥਾਨ ਪ੍ਰਾਪਤ ਕਰਨ ਵਾਲ਼ੇ ਜੇਤੂ ਵਿਦਿਆਰਥੀਆਂ ਦੇ ਨਤੀਜੇ ਮੁਕਾਬਲਾ ਖ਼ਤਮ ਹੋਣ ਉਪਰੰਤ ਸਟੇਜ ਤੋਂ ਘੋਸ਼ਿਤ ਕੀਤੇ ਜਾਣਗੇ।

**13. ਆਯੋਜਨ ਕੇਂਦਰ ਵੱਲੋਂ ਨਿਭਾਏ ਜਾਣ ਵਾਲ਼ੇ ਕਾਰਜ:**

(1) ਮੁਕਾਬਲਿਆਂ ਲਈ ਯੋਗ ਪ੍ਰਬੰਧ ਕਰਨੇ।

(2) ਬੋਰਡ ਅਧਿਕਾਰੀਆਂ ਨਾਲ਼ ਤਾਲ਼-ਮੇਲ਼ ਕਰਕੇ ਬਾਹਰੋਂ ਆਏ ਟੀਮ ਮੁਖੀਆਂ ਅਤੇ ਜੱਜਾਂ ਨੂੰ ਸਹਿਯੋਗ ਦੇਣਾ।

(3) ਕੇਂਦਰ ਮੁਖੀ ਹਰੇਕ ਮੁਕਾਬਲੇ ਦੇ ਨਤੀਜੇ ਦੀ ਇੱਕ ਫੋਟੋ ਕਾਪੀ ਘੱਟੋ-ਘੱਟ 2 ਸਾਲ ਲਈ ਆਪਣੇ ਰਿਕਾਰਡ ਵਿੱਚ ਰੱਖਣਗੇ।

(4) ਸੁੰਦਰ-ਲਿਖਾਈ, ਚਿੱਤਰਕਲਾ, ਮੌਲਿਕ-ਲਿਖਤ, ਆਮ-ਗਿਆਨ ਅਤੇ ਸਹੀ ਸ਼ਬਦ ਜੋੜ ਮੁਕਾਬਲਿਆਂ ਦੇ ਪਹਿਲੇ ਪੰਜ ਸਥਾਨ ਪ੍ਰਾਪਤ ਕਰਨ ਵਾਲ਼ੇ ਵਿਦਿਆਰਥੀਆਂ ਦੀਆਂ ਉੱਤਰ-ਪੱਤਰੀਆਂ ਸੀਲ ਬੰਦ ਕਰਕੇ ਬੋਰਡ ਅਧਿਕਾਰੀ ਨੂੰ ਸੌਂਪਣਗੇ ਅਤੇ ਬਾਕੀ

ਉੱਤਰ-ਪੱਤਰੀਆਂ ਆਪਣੇ ਰਿਕਾਰਡ ਵਿੱਚ ਰੱਖਣਗੇ।

(5) ਖਰਚੇ ਦੀਆਂ ਰਸੀਦਾਂ (ਵਿਸਥਾਰ ਸਾਹਿਤ) ਨੂੰ ਆਯੋਜਨ ਕੇਂਦਰ ਮੁਖੀ ਤਸਦੀਕ ਕਰਨਗੇ।

**14. ਅਨੁਸ਼ਾਸ਼ਨ ਭੰਗ ਕਰਨ ਸੰਬੰਧੀ/ਮੁਕਾਬਲਿਆਂ ਦੌਰਾਨ ਕੀਤੀ ਬਦਸਲੂਕੀ ਸੰਬੰਧੀ ਕਾਰਵਾਈ ਬਾਰੇ:**

**ੳ) ਜੱਜ ਸਾਹਿਬਾਨਾਂ ਨਾਲ਼ ਕੀਤੀ ਬਦਸਲੂਕੀ:** ਜ਼ਿਲ੍ਹਾ-ਪੱਧਰ 'ਤੇ ਦੋ ਸਾਲਾਂ ਲਈ ਟੀਮ/ਵਿਦਿਆਰਥੀ ਆਯੋਗ ਅਤੇ ਖੇਤਰ-ਪੱਧਰ ਲਈ ਟੀਮ/ਵਿਦਿਆਰਥੀ ਨੂੰ ਤਿੰਨ ਸਾਲ ਲਈ ਆਯੋਗ ਕੀਤਾ ਜਾਵੇਗਾ।

**ਅ) ਬੋਰਡ ਅਧਿਕਾਰੀਆਂ/ਆਯੋਜਨ ਕੇਂਦਰ ਮੁਖੀ ਨਾਲ਼ ਕੀਤੀ ਬਦਸਲੂਕੀ:**
ਮੌਕੇ 'ਤੇ ਹੀ ਵਿਦਿਆਰਥੀ/ਟੀਮ ਆਯੋਗ ਮੰਨੇ ਜਾਣਗੇ, ਅਜਿਹੇ ਵਿਦਿਆਰਥੀ/ਟੀਮ ਕਿਸੇ ਵੀ ਸੂਰਤ ਵਿੱਚ ਅਗਲੇ ਪੜਾਅ 'ਤੇ ਭਾਗ ਨਹੀਂ ਲੈ ਸਕਣਗੇ।

**ੲ) ਸਕੂਲ ਸੰਪਤੀ/ਬੋਰਡ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਦੀ ਸੂਰਤ ਵਿੱਚ:**
ਜ਼ਿਲ੍ਹਾ-ਪੱਧਰ/ਖੇਤਰੀ-ਪੱਧਰ 'ਤੇ ਨੁਕਸਾਨ ਕਰਨ ਵਾਲ਼ੇ ਸੰਬੰਧਿਤ ਸਕੂਲ ਪੰਜ ਸਾਲ ਲਈ ਕਿਸੇ ਵੀ ਮੁਕਾਬਲੇ ਵਿੱਚ ਭਾਗ ਨਹੀਂ ਲੈ ਸਕੇਗਾ ਅਤੇ ਕੀਤੇ ਗਏ ਨੁਕਸਾਨ ਦੀ ਭਰਪਾਈ ਵੀ ਸੰਬੰਧਿਤ ਸਕੂਲ ਤੋਂ ਹੀ ਵਸੂਲ ਕੀਤੀ ਜਾਵੇਗੀ।

**15. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾਂਦੇ ਸਹਿ-ਅਕਾਦਮਿਕ ਮੁਕਾਬਲਿਆਂ ਦਾ ਵੇਰਵਾ ਅਤੇ ਹਦਾਇਤਾ:**

## (1) ਸ਼ਬਦ-ਗਾਇਨ

**(ਇਹ ਮੁਕਾਬਲਾ ਤਿੰਨੇ ਵਰਗਾਂ ਲਈ ਜ਼ਿਲ੍ਹਾ-ਪੱਧਰ ਤੋਂ ਆਰੰਭ ਹੋਵੇਗਾ)**

**I.** ਸਮਾਂ:-

| | |
|---|---|
| (1) ਪ੍ਰਾਇਮਰੀ ਵਰਗ | 4 ਮਿੰਟ ਤੋਂ 6 ਮਿੰਟ |
| (2) ਮਿਡਲ ਵਰਗ ਅਤੇ ਸੈਕੰਡਰੀ ਵਰਗ | 6 ਮਿੰਟ ਤੋਂ 8 ਮਿੰਟ |

**II.** ਇਲੈਕਟ੍ਰਾਨਿਕ ਯੰਤਰ ਵਰਤਣ ਦੀ ਮਨ੍ਹਾਹੀ ਹੈ।ਸ਼ਬਦ-ਗਾਇਨ ਲਈ ਸ਼ਬਦ, ਸ਼੍ਰੀ ਗੁਰੂਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਵਿੱਚੋਂ ਹੀ ਲਿਆ ਜਾਵੇਗਾ।

**III.** ਸ਼ਬਦ ਦਾ ਨਿਰਧਾਰਤ ਰਾਗ ਵਿੱਚ ਹੀ ਗਾਇਨ ਕੀਤਾ ਜਾਵੇ। ਪੜਤਾਲ ਗਾਇਨ ਸ਼ੈਲੀ ਨੂੰ ਤਰਜੀਹ ਦਿੱਤੀ ਜਾਵੇਗੀ।

**IV.** ਟੀਮ ਵਿੱਚ ਤਿੰਨ ਤੋਂ ਪੰਜ ਤੱਕ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ।ਟੀਮ ਦੇ ਨਾਲ਼ ਵੱਧ ਤੋਂ ਵੱਧ ਦੋ ਬਾਹਰੀ ਸਜਿੰਦੇ ਸਿਰਫ਼ ਹਰਮੋਨੀਅਮ, ਤਬਲਾ ਅਤੇ ਤੰਤੀ ਸਾਜ ਵਜਾਉਣ ਲਈ ਸ਼ਾਮਲ ਹੋ ਸਕਦੇ ਹਨ।

**V.** ਸ਼ਬਦ-ਗਾਇਨ ਵਿੱਚ ਹਿੱਸਾ ਲੈਣ ਵਾਲ਼ੇ ਵਿਦਿਆਰਥੀਆਂ ਦੀ ਗਿਣਤੀ ਵੱਧ ਤੋਂ ਵੱਧ ਪੰਜ ਹੋਵੇਗੀ। ਸਾਜ਼ੀ, ਟੀਮ ਦਾ ਹਿੱਸਾ ਨਹੀਂ ਮੰਨੇ ਜਾਣਗੇ ਪਰ ਕਿਸੇ ਸੂਰਤ ਵਿੱਚ ਜੇਕਰ ਸ਼ਬਦ-ਗਾਇਨ ਵਿੱਚ ਹਿੱਸਾ ਲੈਣ ਵਾਲ਼ੇ ਵਿਦਿਆਰਥੀ ਤਿੰਨ ਹੋਣ ਅਤੇ ਦੋ ਸਾਜ਼ ਵਜਾਉਣ ਵਾਲ਼ੇ ਵੀ ਉਸੇ ਵਰਗ ਦੇ ਵਿਦਿਆਰਥੀ ਹੋਣ ਤਾਂ ਉਹ ਵੀ ਟੀਮ ਦਾ ਹਿੱਸਾ ਮੰਨੇ ਜਾਣਗੇ ਭਾਵ ਕੁੱਲ ਪੰਜ ਵਿਦਿਆਰਥੀ ਹੀ ਟੀਮ ਦਾ ਹਿੱਸਾ ਮੰਨੇ ਜਾਣਗੇ।ਆਪ ਸਾਜ ਵਜਾਉਣ ਵਾਲ਼ੀ ਟੀਮ ਨੂੰ ਨੰਬਰਾਂ ਵਿੱਚ ਤਰਜੀਹ ਦਿੱਤੀ ਜਾਵੇਗੀ।

**VI.** ਸ਼ਬਦ-ਗਾਇਨ ਸਮੇ ਸਿੱਖ ਮਰਿਆਦਾ ਦਾ ਪੂਰਾ-ਪੂਰਾ ਧਿਆਨ ਰੱਖਿਆ ਜਾਵੇ।

**ਜੱਜਮੈਂਟ ਲਈ ਮਾਪ-ਡੰਡ ਅਤੇ ਅੰਕ-ਵੰਡ:**

| | | | | | |
|---|---|---|---|---|---|
| 1) | ਸੁਰ-ਤਾਲ- | 5 ਅੰਕ | 2) | ਉਚਾਰਨ ਸ਼ੈਲੀ- | 5 ਅੰਕ |
| 3) | ਗਾਉਣ ਸ਼ੈਲੀ ਅਤੇ ਲੈਅ- | 10 ਅੰਕ | 3) | ਆਪਸੀ ਤਾਲਮੇਲ- | 5 ਅੰਕ |
| 5) | ਸਮੁੱਚਾ ਪ੍ਰਭਾਵ- | 5 ਅੰਕ | | | |

**ਨੋਟ: ਟੀਮ ਸਟੇਜ ਉੱਤੇ ਆਉਣ ਤੋਂ ਪਹਿਲਾਂ ਹੀ ਸਾਜ਼ਾਂ ਨੂੰ ਸੁਰ ਵਿੱਚ ਕਰਕੇ ਲਿਆਵੇ।**

## (2) ਵਾਰ-ਗਾਇਨ

**(ਇਹ ਮੁਕਾਬਲਾ ਖੇਤਰ-ਪੱਧਰ 'ਤੇ ਮਿਡਲ ਅਤੇ ਸੈਕੰਡਰੀ ਵਰਗ ਤੋਂ ਆਰੰਭ ਹੋਵੇਗਾ)**

**I. ਸਮਾਂ:-** 3 ਮਿੰਟ ਤੋਂ 5 ਮਿੰਟ।

II. ਟੀਮ ਵਿੱਚ ਭਾਗ ਲੈਣ ਵਾਲ਼ੇ ਵਿਦਿਆਰਥੀਆਂ ਦੀ ਗਿਣਤੀ ਸਿਰਫ਼ ਤਿੰਨ ਹੋਣੀ ਚਾਹੀਦੀ ਹੈ।

III. ਵਾਰ-ਗਾਇਨ ਨਾਲ਼ ਸੰਬੰਧਿਤ ਲੋਕ-ਸਾਜ਼, ਕੇਵਲ ਢੱਡ, ਸਾਰੰਗੀ ਦੀ ਹੀ ਵਰਤੋਂ ਕੀਤੀ ਜਾ ਸਕਦੀ ਹੈ।(ਸਾਰੰਗੀ ਨੂੰ ਮਾਈਕ ਜਾਂ ਸਪੀਕਰ ਦੀ ਤਾਰ ਨਾਲ਼ ਨਾ ਜੋੜਿਆ ਜਾਵੇ)

IV. ਪ੍ਰਤਿਯੋਗੀਆਂ ਦਾ ਸਾਥ ਦੋ ਸਜ਼ਿੰਦੇ ਹੀ ਦੇ ਸਕਦੇ ਹਨ ਪਰ ਉਹ ਟੀਮ ਦਾ ਹਿੱਸਾ ਨਹੀਂ ਮੰਨੇ ਜਾਣਗੇ।

V. ਵਾਰ ਪੜ੍ਹ ਕੇ ਨਹੀਂ ਗਾਈ ਜਾਵੇਗੀ।

**ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ-ਵੰਡ:**

| | | |
|---|---|---|
| I. | ਕਾਵਿ ਰੂਪ: ਵਾਰ ਵਿੱਚ ਹੋਵੇ | 05 ਅੰਕ |
| II. | ਗਾਉਣ ਸ਼ੈਲੀ: ਗਾਉਣ ਸ਼ੈਲੀ, ਛੰਦ ਦੇ ਮੁਤਾਬਕ ਹੋਵੇ | 05 ਅੰਕ |
| III. | ਗਰੁੱਪ ਦਾ ਆਪਸੀ ਤਾਲਮੇਲ: ਗਾਉਣ ਵਾਲ਼ਿਆਂ ਦਾ ਸੁਰ ਇੱਕੋ ਜਿਹਾ ਹੋਵੇ ਅਤੇ ਗਾਉਣ ਦੀ ਤਰਤੀਬ, ਵਾਰ ਦੇ ਅਨੁਸਾਰ ਹੋਵੇ | 05 ਅੰਕ |
| IV. | ਪੇਸ਼ਕਾਰੀ/ਸਮੁੱਚਾ ਪ੍ਰਭਾਵ: ਕੀ ਸਾਜ਼ ਗਵੱਈਆ ਆਪ ਵਜਾਉਂਦਾ ਹੈ, ਕੀ ਪਹਿਰਾਵਾ ਢੁਕਵਾਂ ਹੈ, ਕੀ ਸਰੀਰਿਕ ਮੁਦਰਾਵਾਂ ਵਾਰ ਦੇ ਅਨੁਸਾਰ ਹਨ? | 15 ਅੰਕ |

## (3) ਕਵੀਸ਼ਰੀ

### (ਇਹ ਮੁਕਾਬਲਾ ਖੇਤਰ-ਪੱਧਰ 'ਤੇ ਮਿਡਲ ਅਤੇ ਸੈਕੰਡਰੀ ਵਰਗ ਤੋਂ ਆਰੰਭ ਹੋਵੇਗਾ)

I. ਸਮਾਂ:- 3 ਮਿੰਟ ਤੋਂ 5 ਮਿੰਟ।

II. ਸਾਜ਼ ਵਰਤਣ ਦੀ ਮਨ੍ਹਾਹੀ ਹੈ

ਜ਼ਜ਼ਜ਼। ਕਵੀਸ਼ਰੀ ਵਿੱਚ ਤਿੰਨ ਵਿਦਿਆਰਥੀ ਹਿੱਸਾ ਲੈਣਗੇ।

ਜ਼ੜ। ਕਵੀਸ਼ਰੀ ਪੜ੍ਹ ਕੇ ਨਹੀਂ ਗਾਈ ਜਾਵੇਗੀ।

**ਜੱਜਮੈਂਟ ਕਰਨ ਲਈ ਮਾਪ-ਦੰਡ ਅਤੇ ਅੰਕ-ਵੰਡ:**

(1) ਵਿਸ਼ਾ- 4 ਅੰਕ
(2) ਮੰਚ ਉੱਤੇ ਸਵੈ-ਵਿਸ਼ਵਾਸ - 4 ਅੰਕ
(3) ਉਚਾਰਨ/ਆਵਾਜ਼ - 6 ਅੰਕ
(4) ਆਪਸੀ ਤਾਲਮੇਲ - 4 ਅੰਕ
(5) ਹਾਵ-ਭਾਵ ਤੇ ਮੁਦਰਾਵਾਂ - 3 ਅੰਕ
(6) ਸਰੋਤਿਆਂ ਉੱਤੇ ਪ੍ਰਭਾਵ - 4 ਅੰਕ
(7) ਸਮੁੱਚਾ ਪ੍ਰਭਾਵ - 5 ਅੰਕ

## (4) ਕਵਿਤਾ ਉਚਾਰਨ

### (ਇਹ ਮੁਕਾਬਲਾ ਮਿਡਲ ਅਤੇ ਸੈਕੰਡਰੀ ਵਰਗ ਲਈ ਜ਼ਿਲ੍ਹਾ-ਪੱਧਰ ਤੋਂ ਆਰੰਭ ਹੋਵੇਗਾ)

I. ਸਮਾ:- 3 ਮਿੰਟ ਤੋਂ 5 ਮਿੰਟ।

II. ਕਵਿਤਾ ਦਾ ਮਾਧਿਅਮ ਪੰਜਾਬੀ/ਹਿੰਦੀ/ਅੰਗਰੇਜ਼ੀ ਵਿੱਚੋਂ ਕੋਈ ਇੱਕ ਹੋ ਸਕਦਾ ਹੈ।

III. ਕਵਿਤਾ-ਉਚਾਰਨ ਸਮੇ ਕਿਸੇ ਕਿਸਮ ਦਾ ਵੀ ਸਾਜ਼ ਵਰਤਣ ਦੀ ਮਨ੍ਹਾਹੀ ਹੈ।

IV. ਕਵਿਤਾ ਗਾ ਕੇ ਪੇਸ਼ ਕੀਤੀ ਜਾ ਸਕਦੀ ਹੈ ਪਰ ਇਸ ਕਾਰਨ ਵਿਦਿਆਰਥੀ ਨੂੰ ਵਿਸ਼ੇਸ਼ ਲਾਭ ਨਹੀਂ ਦਿੱਤਾ ਜਾਵੇਗਾ। ਪਹਿਲ ਇਸ ਗੱਲ ਨੂੰ ਦਿੱਤੀ ਜਾਵੇਗੀ ਕਿ ਕੀ ਵਿਦਿਆਰਥੀ ਕਵਿਤਾ ਦੇ ਅੰਤਰੀਵ-ਭਾਵ ਨੂੰ, ਸੁਰ,ਟੋਨ, ਦਬਾਅ, ਉਤਰਾਅ ਅਤੇ ਚੜ੍ਹਾਅ ਨਾਲ਼ ਪੇਸ਼ ਕਰ ਸਕਿਆ ਹੈ ਜਾਂ ਨਹੀਂ?

**ਜੱਜਮੈਂਟ ਕਰਨ ਲਈ ਮਾਪ-ਦੰਡ ਅਤੇ ਅੰਕ-ਵੰਡ:**

| | | |
|---|---|---|
| (1) | ਕਵਿਤਾ ਦੀ ਚੋਣ - | 3 ਅੰਕ |
| (2) | ਕਵਿਤਾ ਦੇ ਭਾਵਾਂ ਨਾਲ਼ ਇਕਸੁਰਤਾ, ਸੁਭਾਵਿਕਤਾ- | 4 ਅੰਕ |
| (3) | ਕਵਿਤਾ ਦੀ ਪੇਸ਼ਕਾਰੀ- | 10 ਅੰਕ |
| (4) | ਸਰੋਤਿਆਂ ਉੱਤੇ ਪ੍ਰਭਾਵ - | 4 ਅੰਕ |
| (5) | ਉਚਾਰਨ - | 4 ਅੰਕ |
| (6) | ਸਮੁੱਚਾ ਪ੍ਰਭਾਵ - | 5 ਅੰਕ |

**ਨੋਟ: ਵਿਦਿਆਰਥੀ ਦੇ ਮੰਚ 'ਤੇ ਆ ਕੇ ਸੰਬੋਧਨ ਕਰਨ ਤੋਂ ਹੀ ਮੁਕਾਬਲੇ ਦਾ ਸਮਾਂ ਸ਼ੁਰੂ ਹੋਇਆ ਮੰਨਿਆ ਜਾਵੇਗਾ।**

## (5) ਭਾਸ਼ਣ

**ਇਹ ਮੁਕਾਬਲਾ (ਤਿੰਨੇ ਵਰਗਾਂ ਲਈ ਜ਼ਿਲ੍ਹਾ-ਪੱਧਰ ਤੋਂ ਆਰੰਭ ਹੋਵੇਗਾ, ਇਸ ਮੁਕਾਬਲੇ ਵਿੱਚ ਇੱਕ ਸਕੂਲ ਦਾ ਕੇਵਲ ਇੱਕ ਹੀ ਵਿਦਿਆਰਥੀ ਭਾਗ ਲੈ ਸਕਦਾ ਹੈ)**

**I. ਸਮਾਂ :**

1) ਪਹਿਲਾ ਵਰਗ — 2 ਮਿੰਟ ਤੋਂ 3 ਮਿੰਟ।

2) ਦੂਜਾ ਵਰਗ ਅਤੇ ਤੀਜਾ ਵਰਗ — 3 ਮਿੰਟ ਤੋਂ 5 ਮਿੰਟ

**II.** ਭਾਸ਼ਣ ਦਾ ਮਾਧਿਅਮ ਪੰਜਾਬੀ/ਹਿੰਦੀ/ਅੰਗਰੇਜ਼ੀ/ਉਰਦੂ ਭਾਸ਼ਾਵਾਂ ਵਿੱਚੋਂ ਕੋਈ ਵੀ ਹੋ ਸਕਦਾ ਹੈ।

**III.** ਭਾਸ਼ਣ ਦਾ ਵਿਸ਼ਾ ਦਿੱਤੇ ਹੋਏ ਸਿਰਲੇਖਾਂ ਵਿੱਚੋਂ ਹੀ ਹੋਵੇਗਾ ਅਤੇ ਭਾਸ਼ਣ ਪੜ੍ਹ ਕੇ ਨਹੀਂ ਬੋਲਿਆ ਜਾਵੇਗਾ।

**IV.** ਭਾਸ਼ਣ ਦਾ ਸਮਾਂ ਵਿਦਿਆਰਥੀ ਦੇ ਸੰਬੋਧਨ ਕਰਨ ਤੋਂ ਹੀ ਨੋਟ ਕੀਤਾ ਜਾਵੇਗਾ ਭਾਵ ਜੇਕਰ ਵਿਦਿਆਰਥੀ, ਮੁੱਖ ਮਹਿਮਾਨ ਜਾਂ ਕਿਸੇ ਹੋਰ ਵਿਅਕਤੀ ਬਾਰੇ ਬੋਲਦਾ ਹੈ ਤਾਂ ਉਹ ਵੀ ਸਮੇ ਦੀ ਸੀਮਾ ਵਿੱਚ ਸ਼ਾਮਲ ਕੀਤਾ ਜਾਵੇਗਾ।

**ਜੱਜਮੈਂਟ ਕਰਨ ਲਈ ਮਾਪ-ਦੰਡ ਅਤੇ ਅੰਕ-ਵੰਡ:**

1) ਵਿਸ਼ਾ ਵਸਤੂ- 5 ਅੰਕ
(2) ਭਾਸ਼ਾ - 5 ਅੰਕ
(3) ਉਚਾਰਨ - 5 ਅੰਕ
(4) ਸਰੋਤਿਆਂ ਨਾਲ਼ ਸੰਚਾਰ - 5 ਅੰਕ
(5) ਮੰਚ 'ਤੇ ਸਵੈ-ਵਿਸ਼ਵਾਸ ਅਤੇ ਸਹਿਜ ਸੁਭਾਵਿਕਤਾ - 5 ਅੰਕ
(6) ਸਮੁੱਚਾ ਪ੍ਰਭਾਵ - 5 ਅੰਕ

**ਭਾਸ਼ਣ ਲਈ ਵਰਗ ਵਾਰ ਸਿਰਲੇਖ:-**

| ਪ੍ਰਾਇਮਰੀ ਵਰਗ | ਮਿਡਲ ਵਰਗ | ਸੈਕੰਡਰੀ ਵਰਗ |
|---|---|---|
| ਪਹਿਲੀ ਤੋਂ ਪੰਜਵੀਂ | ਛੇਵੀਂ ਤੋਂ ਅੱਠਵੀਂ | ਨੌਵੀਂ ਤੋਂ ਬਾਰ੍ਹਵੀਂ |

| ਪਹਿਲਾ ਵਰਗ | ਦੂਜਾ ਵਰਗ | ਤੀਜਾ ਵਰਗ |
|---|---|---|
| 1 ਬਚਪਨ ਦੇ ਰੰਗ | 1 ਨੈਤਿਕ ਕਦਰਾਂ ਕੀਮਤਾਂ | 1 ਵਿਦਿਆਰਥੀਆਂ ਵਿੱਚ ਵਿਦੇਸ਼ ਜਾਣ ਦਾ ਵਧ ਰਿਹਾ ਰੁਝਾਨ |
| 2 ਮੇਰਾ ਮਨ ਭਾਉਂਦਾ ਅਧਿਆਪਕ | 2 ਮੋਬਾਇਲ ਫੋਨ ਕਿੰਨਾ ਕੁ ਜਰੂਰੀ | 2 ਲੋਕ ਗੀਤਾਂ ਵਿੱਚ ਵੱਧ ਰਹੀ ਲੱਚਰਤਾ |
| 3 ਵਿਦਿਆਰਥੀ ਜੀਵਨ ਵਿੱਚ ਬਾਲ ਸਭਾਵਾਂ ਦਾ ਮਹੱਤਵ | 3 ਸਰੀਰਿਕ ਤੰਦਰੁਸਤੀ | 3 ਕਦੋਂ ਹੋਵਾਂਗੇ ਅਸੀਂ ਸਮੇਂ ਦੇ ਹਾਣੀ |
| 4 ਚਿੜੀਆਂ ਕਿੱਧਰ ਗਈਆਂ | 4 ਬਜ਼ੁਰਗ ਸਾਡਾ ਸਰਮਾਇਆ | 4 ਜੇ ਮੈਂ ਪ੍ਰਧਾਨ ਮੰਤਰੀ ਹੋਵਾਂ |

**ਨੋਟ:- ਰਾਜ- ਪੱਧਰ ਤੇ ਭਾਸ਼ਣ ਅਤੇ ਕਵਿਤਾ ਪ੍ਰਤਿਯੋਗੀ ਆਪਣੀ-ਆਪਣੀ ਰਚਨਾ ਦੀ ਇੱਕ-ਇੱਕ ਫੋਟੋ ਕਾਪੀ, ਮੁਕਾਬਲੇ ਉਪਰੰਤ ਮੌਕੇ ਤੇ ਹੀ ਪੰਜਾਬ ਬੋਰਡ ਦੀ ਫ਼ੀਲਡ ਪ੍ਰੋਗਰਾਮ ਸ਼ਾਖਾ ਦੇ ਅਧਿਕਾਰੀ ਨੂੰ ਸੌਂਪਣਗੇ।**

## (6) ਸੁੰਦਰ-ਲਿਖਾਈ

**(ਇਹ ਮੁਕਾਬਲਾ ਤਿੰਨ ਵਰਗਾਂ ਲਈ ਜ਼ਿਲ੍ਹਾ -ਪੱਧਰ ਤੋਂ ਆਰੰਭ ਹੋਵੇਗਾ, ਇਸ ਮੁਕਾਬਲੇ ਵਿੱਚ ਇੱਕ ਸਕੂਲ ਦਾ ਕੇਵਲ ਇੱਕ ਹੀ ਵਿਦਿਆਰਥੀ ਭਾਗ ਲੈ ਸਕਦਾ ਹੈ।) ਭਾਵ ਤਿੰਨ ਭਾਸ਼ਾਵਾਂ ਦੇ ਇਸ ਮੁਕਾਬਲੇ ਵਿੱਚ ਇੱਕ ਸਕੂਲ ਦੇ ਤਿੰਨ ਵਿਦਿਆਰਥੀ ਭਾਗ ਨਹੀਂ ਲੈ ਸਕਦੇ।**

**I.** ਸਮਾਂ:- ਪ੍ਰਾਇਮਰੀ / ਮਿਡਲ ਵਰਗ ਲਈ 40 ਮਿੰਟ ਅਤੇ ਸੈਕੰਡਰੀ ਵਰਗ ਲਈ 30 ਮਿੰਟ।

**II.** ਮਾਧਿਅਮ ਪੰਜਾਬੀ, ਹਿੰਦੀ, ਅੰਗਰੇਜ਼ੀ ਜਾਂ ਉਰਦੂ ਭਾਸ਼ਾਵਾਂ ਵਿੱਚੋਂ ਕੋਈ ਵੀ ਇੱਕ ਹੋ ਸਕਦਾ ਹੈ।

**III.** ਸੁੰਦਰ-ਲਿਖਾਈ ਲਈ ਬੋਰਡ ਦੁਆਰਾ ਨਿਰਧਾਰਿਤ ਸ਼ੀਟ ਆਯੋਜਨ ਕੇਂਦਰ ਵੱਲੋਂ ਦਿੱਤੀ ਜਾਵੇਗੀ।

**IV.** ਵਿਦਿਆਰਥੀ ਲਈ ਬੋਰਡ ਵੱਲੋਂ ਦਿੱਤੇ ਗਏ ਪੈਰ੍ਹੇ ਨੂੰ ਲਗਾਂ, ਮਾਤਰਾ ਸਣੇ ਪੂਰਾ ਅਤੇ ਸਹੀ ਲਿਖਣਾ ਜ਼ਰੂਰੀ ਹੋਵੇਗਾ। ਪਹਿਲੇ

ਵਰਗ ਲਈ ਸੁੰਦਰ ਲਿਖਾਈ ਦਾ ਪੈਰ੍ਹਾ ਲਗਪਗ 35 ਸ਼ਬਦਾਂ ਦਾ , ਮਿਡਲ ਅਤੇ ਸੈਕੰਡਰੀ ਵਰਗ ਲਈ 50 ਸ਼ਬਦਾਂ ਦਾ ਹੋਵੇਗਾ।

III. ਲਿਖਣ-ਯੋਗ ਸਮਗਰੀ ਜਿਵੇਂ ਕਾਨੇ ਵਾਲ਼ੀ ਕਲਮ, ਸਿਆਹੀ ਅਤੇ ਡਰਾਇੰਗ ਬੋਰਡ/ਗੱਤਾ ਆਦਿ ਵਿਦਿਆਰਥੀ ਆਪ ਲੈ ਕੇ ਆਉਣਗੇ।

**IV. ਹਰ ਵਰਗ ਦੇ ਵਿਦਿਆਰਥੀ ਕਾਨੇ ਵਾਲ਼ੀ ਕਲਮ ਅਤੇ ਕਾਲ਼ੀ ਸਿਆਹੀ ਦੀ ਹੀ ਵਰਤੋਂ ਕਰਨ। ਕਿਸੇ ਕਿਸਮ ਦੇ ਪੈੱਨ ਜਾਂ ਨਿੱਬ ਅਤੇ ਫਲਿਊਡ ਆਦਿ ਦੀ ਵਰਤੋਂ ਕਰਨ ਦੀ ਸਖ਼ਤ ਮਨਾਹੀ ਹੈ।**

**VII. ਜੱਜਮੈਂਟ ਕਰਨ ਲਈ ਮਾਪ-ਦੰਡ ਅਤੇ ਅੰਕ-ਵੰਡ:**

(1) ਪੈਰ੍ਹੇ ਨੂੰ ਇੰਨ-ਬਿੰਨ ਲਿਖਣਾ- 04 ਅੰਕ

(2) ਲਿਖਾਈ ਵਿੱਚ ਸ਼ਬਦ ਜੋੜਾਂ ਦੀ ਸ਼ੁੱਧਤਾ, ਪੜ੍ਹਨਯੋਗ, ਬਿਨਾਂ ਕਟਿੰਗ, ਬਿਨਾਂ ਗ਼ਲਤੀ, ਅੱਖਰਾਂ ਅਤੇ ਲਗਾਂ ਦੀ ਠੀਕ ਬਣਾਵਟ- 08 ਅੰਕ

(3) ਮੌਲਿਕਤਾ: ਅੱਖਰਾਂ ਅਤੇ ਲਗਾਂ ਦੀ ਇੱਕਸਾਰਤਾ - 07 ਅੰਕ

(4) ਲਿਖਾਈ ਦੀ ਇਕਸਾਰਤਾ, ਅੱਖਰਾਂ ਅਤੇ ਸ਼ਬਦਾਂ ਵਿੱਚ ਆਪਸੀ ਫ਼ਾਸਲਾ, ਸ਼ੀਟ ਉੱਤੇ ਲਿਖੇ ਅੱਖਰਾਂ ਵਿੱਚ ਫ਼ਾਸਲੇ ਦੀ ਇੱਕਸਾਰਤਾ- 07 ਅੰਕ

(5) ਸਮੁੱਚਾ ਪ੍ਰਭਾਵ - 04 ਅੰਕ

**VIII.** ਬੋਰਡ ਵੱਲੋਂ ਦਿੱਤੀ ਗਈ ਸ਼ੀਟ 'ਤੇ ਵਿਦਿਆਰਥੀ ਆਪਣੇ ਵੱਲੋਂ ਕੋਈ ਵੀ ਸਹਾਇਕ ਰੇਖਾ ਭਾਵ ਫਾਲਤੂ ਲਾਇਨ ਨਾ ਲਗਾਏ।

## (7) ਚਿੱਤਰਕਲਾ

**(ਇਹ ਮੁਕਾਬਲਾ ਤਿੰਨੇ ਵਰਗਾਂ ਲਈ ਜ਼ਿਲ੍ਹਾ -ਪੱਧਰ ਤੋਂ ਆਰੰਭ ਹੋਵੇਗਾ)**

**I. ਸਮਾਂ**

| | |
|---|---|
| (1) ਪ੍ਰਾਇਮਰੀ ਵਰਗ | 03 ਘੰਟੇ |
| (2) ਮਿਡਲ ਵਰਗ ਅਤੇ ਸੈਕੰਡਰੀ ਵਰਗ | 03 ਘੰਟੇ |

**II. ਸ਼ੀਟ ਦਾ ਆਕਾਰ:-**

| | |
|---|---|
| ਪ੍ਰਾਇਮਰੀ ਵਰਗ ਲਈ ਸ਼ੀਟ | 11 ਇੰਚ×15 ਇੰਚ (1/4) ਇੰਪੀਰੀਅਲ/ਵਾਟਰ ਕਲਰ |
| ਮਿਡਲ ਅਤੇ ਸੈਕੰਡਰੀ ਵਰਗ ਲਈ ਸ਼ੀਟ | 20 ਇੰਚ×15 ਇੰਚ(1/2) ਇੰਪੀਰੀਅਲ/ਵਾਟਰ ਕਲਰ |

ਸ਼ੀਟ ਦਾ ਸਾਈਜ਼ ਪੂਰਾ-ਪੂਰਾ ਉੱਪਰ ਦਿੱਤੇ ਅਨੁਸਾਰ ਹੋਣਾ ਜ਼ਰੂਰੀ ਹੈ। ਸ਼ੀਟ ਦਾ ਆਕਾਰ ਘੱਟ ਹੋਣ 'ਤੇ ਸ਼ੀਟ ਨੂੰ ਰੱਦ ਸਮਝਿਆ ਜਾਵੇਗਾ।

III. ਚਿੱਤਰਕਲਾ, ਆਇਲ ਕਲਰ ਅਤੇ ਸਕੈੱਚ ਪੈੱਨ ਨੂੰ ਛੱਡ ਕੇ ਕਿਸੇ ਵੀ ਰੰਗ-ਮਾਧਿਅਮ ਵਿੱਚ ਕੀਤੀ ਜਾ ਸਕਦੀ ਹੈ।

IV. ਚਿੱਤਰਕਾਰੀ ਦਾ ਸਾਮਾਨ ਜਿਵੇਂ ਡਰਾਇੰਗ ਬੋਰਡ, ਸ਼ੀਟ, ਬੁਰਸ਼ ਅਤੇ ਰੰਗ ਵਿਦਿਆਰਥੀ ਆਪ ਲੈ ਕੇ ਆਉਣਗੇ।

V. ਪ੍ਰਾਇਮਰੀ ਵਰਗ,ਮਿਡਲ ਅਤੇ ਸੈਕੰਡਰੀ ਵਰਗ ਲਈ ਚਿੱਤਰਕਲਾ ਕਰਨ ਦੇ ਵਿਸ਼ੇ,ਮੁਕਾਬਲੇ ਵਾਲ਼ੇ ਦਿਨ ਵਿਦਿਆਰਥੀਆਂ ਨੂੰ ਮੌਕੇ 'ਤੇ ਹੀ ਬੋਰਡ ਵੱਲੋਂ ਦਿੱਤੇ ਜਾਣਗੇ।

**ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ-ਵੰਡ:**

(1) ਕਲਾ ਅਤੇ ਆਪਾ-ਪ੍ਰਗਟਾਅ - 5 ਅੰਕ (2) ਡਰਾਇੰਗ/ਕੰਪੋਜੀਸ਼ਨ - 10 ਅੰਕ

(3) ਰੰਗ ਯੋਜਨਾ - 5 ਅੰਕ (4) ਲਾਈਟ ਐਂਡ ਸ਼ੇਡ - 5 ਅੰਕ (5) ਸਮੁੱਚਾ ਪ੍ਰਭਾਵ - 5 ਅੰਕ

**ਨੋਟ: ਚਿੱਤਰਕਲਾ ਲਈ ਸ਼ੀਟ ਵਿਦਿਆਰਥੀ ਖੁਦ ਲੈ ਕੇ ਆਉਣਗੇ।**

## (8) ਸਹੀ ਸ਼ਬਦ ਜੋੜ

**(ਇਹ ਮੁਕਾਬਲਾ ਕੇਵਲ ਪ੍ਰਾਇਮਰੀ ਵਰਗ ਲਈ ਜ਼ਿਲ੍ਹਾ -ਪੱਧਰ ਤੋਂ ਆਰੰਭ ਹੋਵੇਗਾ)**

**ਇਸ ਮੁਕਾਬਲੇ ਵਿੱਚ ਇੱਕ ਸਕੂਲ ਦਾ ਕੇਵਲ ਇੱਕ ਹੀ ਵਿਦਿਆਰਥੀ ਭਾਗ ਲੈ ਸਕਦਾ ਹੈ। ਭਾਵ ਤਿੰਨ ਭਾਸ਼ਾਵਾਂ ਦੇ ਇਸ ਮੁਕਾਬਲੇ ਵਿੱਚ ਇੱਕ ਸਕੂਲ ਦੇ 3 ਵਿਦਿਆਰਥੀ ਭਾਗ ਨਹੀਂ ਲੈ ਸਕਦੇ ਪਰ ਇੱਕ ਵਿਦਿਆਰਥੀ ਇਹਨਾਂ ਤਿੰਨੇ ਭਾਸ਼ਾਵਾਂ ਵਿੱਚ ਭਾਗ ਲੈ ਸਕਦਾ ਹੈ।**

**I. ਇਹ ਮੁਕਾਬਲਾ ਤਿੰਨੇ ਭਾਸ਼ਾਵਾਂ ਪੰਜਾਬੀ, ਹਿੰਦੀ ਅਤੇ ਅੰਗ੍ਰੇਜ਼ੀ ਵਿੱਚ ਕਰਵਾਇਆ ਜਾਵੇਗਾ।**

**II. ਇਸ ਮੁਕਾਬਲੇ ਵਿੱਚ ਜੱਜ ਸਾਹਿਬਾਨ ਵੱਲੋਂ ਜ਼ੁਬਾਨੀ ਸ਼ਬਦ ਬੋਲੇ ਜਾਣਗੇ। ਸ਼ਬਦ ਨੂੰ ਦੋ ਵਾਰ ਦੁਹਰਾਇਆ ਜਾਵੇਗਾ। ਸ਼ਬਦ ਦੁਹਰਾਉਣ ਉਪਰੰਤ ਵਿਦਿਆਰਥੀ ਉਸ ਸ਼ਬਦ ਨੂੰ ਲਿਖੇਗਾ।**

**III. ਸ਼ਬਦ ਲਿਖਣ ਲਈ ਵਿਦਿਆਰਥੀ ਨੂੰ15 ਸੈਕਿੰਡ ਦਾ ਸਮਾਂ ਦਿੱਤਾ ਜਾਵੇਗਾ।**

**IV. ਪ੍ਰਾਇਮਰੀ ਵਰਗ ਲਈ ਕੁੱਲ 20 ਸ਼ਬਦ ਹੋਣਗੇ।**

**V. ਉਦਾਹਰਨ ਦੇ ਤੌਰ 'ਤੇ ਅੰਗ੍ਰੇਜ਼ੀ ਵਿੱਚ ਬੋਲਿਆ ਗਿਆ ਸ਼ਬਦ ਹੈਂਡਸਮ ਨੂੰ ਵਿਦਿਆਰਥੀ ਵੱਲੋਂ ਸਹੀ ਸ਼ਬਦ ਜੋੜ ਅੰਗਰੇਜ਼ੀ ਵਿੱਚ (Handsome) ਲਿਖਿਆ ਜਾਵੇਗਾ।**

**VI. ਇਸ ਮੁਕਾਬਲੇ ਲਈ ਵਿਦਿਆਰਥੀ ਪੰਜਾਬੀ ਅਤੇ ਹਿੰਦੀ ਲਈ ਆਮ ਕਾਪੀ ਦੇ ਇੱਕ ਲਕੀਰ ਵਾਲੇ 4 ਪੰਨੇ ਅਤੇ ਅੰਗ੍ਰੇਜ਼ੀ ਸ਼ਬਦ ਲਿਖਣ ਲਈ 4 ਲਕੀਰਾਂ/1 ਲਕੀਰ ਵਾਲੇ 4 ਪੰਨੇ ਅਪਣੇ ਨਾ.ਲ ਲੈ ਕੇ ਆਉਣਗੇ। ਮੁਕਾਬਲੇ ਦੇ ਸਮੇਂ ਵਿਦਿਆਰਥੀ ਇਸ ਪੰਨੇ ਦੇ ਉੱਤੇ ਅਪਣਾ ਨਾਂ / ਪਿਤਾ ਦਾ ਨਾਂ ਅਤੇ ਜ਼ਿਲ੍ਹਾ ਲਿਖੇਗਾ।**

## (9) ਆਮ-ਗਿਆਨ

**(ਇਹ ਮੁਕਾਬਲਾ ਦੂਜੇ ਅਤੇ ਤੀਜੇ ਵਰਗ ਲਈ ਖੇਤਰ-ਪੱਧਰ ਤੋਂ ਆਰੰਭ ਹੋਵੇਗਾ। ਹਰ ਪੱਧਰ ਤੇ ਇਹ ਮੁਕਾਬਲੇ ਲਿਖਤੀ ਰੂਪ ਵਿੱਚ ਹੀ ਹਣਗੇ।**

**I.** **ਸਮਾਂ:** 1 ਘੰਟਾ 30 ਮਿੰਟ

**II.** ਵਿਦਿਆਰਥੀ ਆਪਣੇ ਨਾਲ਼ ਕੇਵਲ ਗੱਤਾ ਅਤੇ ਕਾਲ਼ੀ ਸਿਆਹੀ ਵਾਲ਼ਾ ਬਾਲ-ਪੈੱਨ ਲੈ ਕੇ ਆਉਣਗੇ।

**III.** ਆਮ-ਗਿਆਨ ਨਾਲ਼ ਸੰਬੰਧਿਤ ਪਰਚਾ ਯਥਾਰਥਿਕ ਰੂਪ (Objective Type) ਦਾ ਹੋਵੇਗਾ ਜਿਸ ਵਿੱਚ 100 ਪ੍ਰਸ਼ਨ ਹੋਣਗੇ।

**IV.** ਪ੍ਰਸ਼ਨ-ਪੱਤਰ ਵਿੱਚਲੇ 100 ਸਵਾਲਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ। ਹਰੇਕ ਪ੍ਰਸ਼ਨ ਲਈ ਇੱਕ ਅੰਕ ਨਿਰਧਾਰਿਤ ਹੈ:-

(1) ਸਮਾਜਿਕ ਵਿਗਿਆਨਿਕ ਵਿਸ਼ੇ/ਸੂਚਨਾ- 20 (2) ਸ਼ੁੱਧ ਵਿਗਿਆਨਿਕ ਵਿਸ਼ੇ/ਸੂਚਨਾ- 20

(3) ਪੰਜਾਬ ਦਾ ਵਿਰਸਾ ਅਤੇ ਸੱਭਿਆਚਾਰ - 20 (4) ਤਾਜ਼ਾ ਤਰੀਨ ਵਿਸ਼ੇ/ਸੂਚਨਾ - 20

(5) ਪੰਜਾਬ ਤੋਂ ਇਲਾਵਾ ਭਾਰਤ ਦੇ ਦੂਜੇ ਰਾਜਾਂ ਦਾ ਵਿਰਸਾ ਅਤੇ ਸੱਭਿਆਚਾਰ - 20

**V.** ਵਿਦਿਆਰਥੀ ਨੂੰ ਹਰ ਸਵਾਲ ਦੇ ਦਿੱਤੇ ਚਾਰ ਉੱਤਰਾਂ ਵਿੱਚੋਂ ਇੱਕ ਨੂੰ, ਜਿਸ ਨੂੰ ਉਹ ਸਹੀ ਸਮਝਦਾ ਹੈ, ਟਿੱਕ ਕਰਨਾ ਹੋਵੇਗਾ।

**VI.** ਇਹ ਮੁਕਾਬਲਾ ਖੇਤਰ ਅਤੇ ਰਾਜ-ਪੱਧਰ 'ਤੇ ਹੀ ਕਰਵਾਇਆ ਜਾਵੇਗਾ।

**III.** ਹਰ ਸਕੂਲ ਵੱਧ ਤੋਂ ਵੱਧ ਇੱਕ ਵਿਦਿਆਰਥੀ ਨੂੰ ਹੀ ਇਸ ਮੁਕਾਬਲੇ ਲਈ ਭੇਜ ਸਕਦਾ ਹੈ।

**IV.** ਆਮ-ਗਿਆਨ ਦੀਆਂ ਉੱਤਰ-ਪੱਤਰੀਆਂ ਬੋਰਡ ਦੀ ਮਲਕੀਅਤ ਹੋਣਗੀਆਂ।

**V.** ਜਵਾਬ ਟਿੱਕ ਕਰਨ ਲਈ ਕੇਵਲ ਕਾਲ਼ੀ ਸਿਆਹੀ ਵਾਲ਼ਾ ਪੈੱਨ ਜਾਂ ਬਾਲ-ਪੈੱਨ ਹੀ ਇਸਤੇਮਾਲ ਕੀਤਾ ਜਾਵੇਗਾ।

**VI.** ਜਵਾਬ ਦੇਣ ਲੱਗਿਆਂ, ਅੱਖਰ ਉੱਤੇ ਮੁੜ ਅੱਖਰ ਲਿਖਣ ਜਾਂ ਨਿਸ਼ਾਨੀ ਲਗਾਉਣ ਲੱਗਿਆਂ ਦੁਬਾਰਾ-ਦੁਬਾਰਾ ਨਿਸ਼ਾਨ ਲਗਾਉਣ 'ਤੇ ਉਸ ਉੱਤਰ ਨੂੰ ਰੱਦ ਮੰਨਿਆ ਜਾਵੇਗਾ।

**VII.** ਸਵਾਲ ਦਾ ਜਵਾਬ ਦੇਣ ਲੱਗਿਆਂ ਪੂਰੀ ਤਰ੍ਹਾਂ ਸੋਚ ਕੇ ਲਿਖਿਆ ਜਾਵੇ। ਇੱਕ ਵਾਰ ਲਗਾਏ ਗਏ ਨਿਸ਼ਾਨ ਨੂੰ ਰਬੜ ਨਾਲ਼ ਜਾਂ ਕਿਸੇ ਵੀ ਵਸਤੂ ਨਾਲ਼ ਮਿਟਾਉਣ ਜਾਂ ਕਿਸੇ ਕਿਸਮ ਦੀ ਤਬਦੀਲੀ ਕਰਨ ਤੇ ਕੋਈ ਅੰਕ ਨਹੀਂ ਦਿੱਤਾ ਜਾਵੇਗਾ ਭਾਵ ਉੱਤਰ ਗ਼ਲਤ ਮੰਨਿਆ ਜਾਵੇਗਾ।

**VIII.** ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਪਹਿਲਾਂ ਪ੍ਰਸ਼ਨ-ਪੱਤਰ ਉੱਤੇ ਦਿੱਤੀਆਂ ਗਈਆਂ ਹਦਾਇਤਾਂ ਨੂੰ ਧਿਆਨ ਨਾਲ਼ ਪੜ੍ਹ ਲਿਆ ਜਾਵੇ।

## (10) ਮੌਲਿਕ-ਲਿਖਤ

**(ਇਹ ਮੁਕਾਬਲਾ ਖੇਤਰ ਪੱਧਰ 'ਤੇ ਕੇਵਲ ਸੈਕੰਡਰੀ ਵਰਗ ਤੋਂ ਆਰੰਭ ਹੋਵੇਗਾ)**

**I.** ਸਮਾਂ: 1 ਘੰਟਾ

**II.** ਵਿਦਿਆਰਥੀ ਪੈੱਨ, ਕਾਗਜ਼, ਗੱਤਾ ਆਦਿ ਸਮੱਗਰੀ ਆਪਣੇ ਨਾਲ਼ ਲੈ ਕੇ ਆਉਣਗੇ।
ਵਿਦਿਆਰਥੀਆਂ ਨੂੰ ਮੌਕੇ 'ਤੇ ਦੱਸੇ ਤਿੰਨ ਵਿਸ਼ਿਆਂ ਵਿੱਚੋਂ ਕਿਸੇ ਇੱਕ 'ਤੇ ਮੌਲਿਕ ਲਿਖਤ ਲਿਖਣੀ ਹੋਵੇਗੀ।

**III.** ਮੌਲਿਕ-ਲਿਖਤ ਸਾਹਿਤ ਦੇ ਕਿਸੇ ਵੀ ਰੂਪ ਵਿੱਚ ਹੋ ਸਕਦੀ ਹੈ ਜਿਵੇਂ ਕਵਿਤਾ, ਕਹਾਣੀ, ਸੰਵਾਦ, ਯਾਤਰਾ, ਲੇਖ ਆਦਿ।

**IV.** ਲਿਖਤ ਦਾ ਮਾਧਿਅਮ ਪੰਜਾਬੀ/ਹਿੰਦੀ/ਅੰਗਰੇਜ਼ੀ/ਉਰਦੂ ਕੋਈ ਵੀ ਹੋ ਸਕਦਾ ਹੈ। ਹਰ ਪੱਧਰ 'ਤੇ ਪ੍ਰਾਪਤ ਲਿਖਤਾਂ ਬੋਰਡ ਦੀ ਮਲਕੀਅਤ ਹੋਣਗੀਆਂ ਅਤੇ ਲੋੜ ਅਨੁਸਾਰ ਬੋਰਡ ਇਹਨਾਂ ਲਿਖਤਾਂ ਨੂੰ ਆਪਣੇ ਮੈਗਜ਼ੀਨਾਂ ਜਾਂ ਪਾਠ ਪੁਸਤਕਾਂ ਵਿੱਚ ਛਾਪ ਸਕਦਾ ਹੈ ਜਾਂ ਕਿਸੇ ਵੀ ਹੋਰ ਸਾਰਥਕ ਤਰੀਕੇ ਨਾਲ਼ ਵਰਤ ਸਕਦਾ ਹੈ।

**ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ-ਵੰਡ:**

(1) ਮੌਲਿਕਤਾ ਅਤੇ ਸਿਰਜਣਾਤਮਿਕਤਾ - 8 ਅੰਕ (2) ਕਲਪਨਾ - 7 ਅੰਕ
(3) ਪ੍ਰਗਟਾਵਾ - 7 ਅੰਕ (4) ਸਮੁੱਚਾ ਪ੍ਰਭਾਵ - 8 ਅੰਕ

ਕਲਪਨਾ ਤੋਂ ਭਾਵ ਵਿਚਾਰਾਂ ਦਾ ਨਵਾਂਪਣ, ਨਵੀਂ ਦ੍ਰਿਸ਼ਟੀ, ਨਵੀਂ ਵਿਆਖਿਆ, ਨਵੀਂ ਪਹੁੰਚ **ਤੋਂ** ਹੈ। ਪ੍ਰਗਟਾਵੇ ਅਧੀਨ ਕੇਵਲ ਸ਼ਬਦ ਜੋੜ ਹੀ ਨਹੀਂ ਸ਼ਬਦ ਚੋਣ, ਵਾਕ ਬਣਤਰ, ਮੁਹਾਵਰੇ, ਕਾਵਿਕ-ਅੰਸ਼, ਨਾਟਕੀ ਅੰਸ਼, ਕਹਾਣੀ ਅੰਸ਼, ਵਿਚਾਰਾਂ ਦੀ ਤਰਤੀਬ ਆਦਿ ਵੀ ਹੋਣਗੇ।

## (11) ਲੋਕ-ਗੀਤ

**(ਇਹ ਮੁਕਾਬਲਾ ਤਿੰਨੇ ਵਰਗਾਂ ਲਈ ਜ਼ਿਲ੍ਹਾ-ਪੱਧਰ ਤੋਂ ਆਰੰਭ ਹੋਵੇਗਾ।)**

**I.** **ਸਮਾਂ:** 3 ਮਿੰਟ ਤੋਂ 5 ਮਿੰਟ (ਤਿੰਨੇ ਵਰਗਾਂ ਦੇ ਵਿਦਿਆਰਥੀਆਂ ਲਈ)

**II.** ਲੋਕ-ਗੀਤ ਪੜ੍ਹ ਕੇ ਨਹੀਂ ਗਾਏ ਜਾਣਗੇ।

**III.** ਲੋਕ-ਗੀਤ ਦਾ ਮਾਧਿਅਮ ਪੰਜਾਬੀ ਹੋ ਸਕਦਾ ਹੈ।

**IV.** ਲੋਕ-ਗੀਤ ਗਾਉਣ ਵਾਲ਼ਾ ਵਿਦਿਆਰਥੀ ਖ਼ਾਸ ਰਵਾਇਤੀ ਪਹਿਰਾਵਾ ਵੀ ਪਹਿਨ ਸਕਦਾ ਹੈ।

**IV.** ਲੋਕ-ਗੀਤ ਗਾਉਣ ਵਾਲ਼ਾ ਵਿਦਿਆਰਥੀ ਇਕੱਲਾ ਹੀ ਹੋਵੇਗਾ। ਲੋਕ-ਗੀਤ ਰਿਕਾਰਡਡ ਵੀ ਹੋ ਸਕਦੇ ਹਨ।

**V.** ਲੋਕ-ਗੀਤਾਂ ਵਿੱਚ ਤੂੰਬੀ, ਹਰਮੋਨੀਅਮ, ਸਾਰੰਗੀ, ਅਲਗੋਜ਼ਾ, ਵੰਝਲੀ, ਤੂੰਬਾ, ਢੋਲਕੀ, ਘੜਾ, ਚਿਮਟਾ, ਡਫ਼ਲੀ ਆਦਿ ਭਾਵ ਲੋਕ-ਸਾਜ਼ਾਂ ਦੀ ਹੀ ਵਰਤੋਂ ਕੀਤੀ ਜਾਵੇ। ਲੋਕ-ਗੀਤ ਵਿੱਚ ਘੱਟੋ-ਘੱਟ ਇੱਕ ਸਾਜ਼ ਦਾ ਹੋਣਾ ਜ਼ਰੂਰੀ ਹੈ। ਵੱਧ ਤੋਂ ਵੱਧ ਦੋ ਸਜ਼ਿੰਦੇ ਹੀ ਸਾਜ਼ ਵਜਾਉਣ ਲਈ ਗਾਇਕ ਦਾ ਸਾਥ ਦੇ ਸਕਦੇ ਹਨ।

**VI.** ਲੋਕ-ਗੀਤ ਦਾ ਸਮਾਂ ਵਿਦਿਆਰਥੀ ਦੇ ਸੰਬੋਧਨ ਕਰਨ ਤੋਂ ਨੋਟ ਕੀਤਾ ਜਾਵੇਗਾ, ਭਾਵ ਜੋ ਕੁਝ ਵੀ ਵਿਦਿਆਰਥੀ ਬੋਲਦਾ ਹੈ, ਸਮੇ ਦੀ ਹੱਦ (Time Limit) ਵਿੱਚ ਸ਼ਾਮਲ ਕੀਤਾ ਜਾਵੇਗਾ।

**ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ-ਵੰਡ:**

(1) ਲੋਕ-ਗੀਤ ਦੀ ਪੇਸ਼ਕਾਰੀ - 5 ਅੰਕ (2) ਲੈਅ ਤੇ ਆਵਾਜ਼ - 10 ਅੰਕ
(3) ਸ਼ੁੱਧ ਉਚਾਰਨ - 5 ਅੰਕ (4) ਸਾਜ਼ਾਂ ਨਾਲ਼ ਤਾਲਮੇਲ - 5 ਅੰਕ
(5) ਸਮੁੱਚਾ ਪ੍ਰਭਾਵ - 5 ਅੰਕ

## (12) ਸੋਲੋ-ਡਾਂਸ

**(ਇਹ ਮੁਕਾਬਲਾ ਕੇਵਲ ਪ੍ਰਾਇਮਰੀ ਅਤੇ ਮਿਡਲ ਵਰਗ ਲਈ ਜ਼ਿਲ੍ਹਾ-ਪੱਧਰ ਤੋਂ ਆਰੰਭ ਹੋਵੇਗਾ)**

**I.** **ਸਮਾਂ:** 3 ਮਿੰਟ ਤੋਂ 5 ਮਿੰਟ

**II.** ਪੰਜਾਬੀ/ਉੱਤਰੀ ਭਾਰਤ ਦੇ ਸੱਭਿਆਚਾਰ ਦੀ ਪ੍ਰਤਿਨਿਧਤਾ ਕਰਨ ਵਾਲ਼ੇ ਸੰਗੀਤ 'ਤੇ ਅਧਾਰਿਤ ਨਾਚ ਦੀ ਹੀ ਪੇਸ਼ਕਾਰੀ ਹੋਣੀ

ਚਾਹੀਦੀ ਹੈ, ਸ਼ਾਸਤਰੀ ਸੰਗੀਤ ਅਤੇ ਅੰਗਰੇਜ਼ੀ ਗਾਣਿਆਂ ਦੀ ਮਨਾਹੀ ਹੈ।

**III.** ਵਿਦਿਆਰਥੀ ਆਪਣੀ ਕਲਾ ਦਾ ਪ੍ਰਦਰਸ਼ਨ ਇਕੱਲਾ ਹੀ ਸਟੇਜ 'ਤੇ ਕਰੇਗਾ। ਪ੍ਰਦਰਸ਼ਨ ਦੌਰਾਨ ਸਟੇਜ ਤੋਂ ਹੇਠਾਂ ਉਤਰਨ ਦੀ ਮਨਾਹੀ ਹੋਵੇਗੀ। ਨਾਚ ਨਾਲ਼ ਸੰਬੰਧਿਤ ਵਸਤੂਆਂ ਦਾ ਹੀ ਪ੍ਰਯੋਗ ਕੀਤਾ ਜਾਵੇ। ਸਟੇਜ਼ ਤੇ ਬੇਲੋੜੀਆਂ ਵਸਤੂਆਂ ਨਾ ਸਜਾਈਆਂ ਜਾਣ ਜਿਨ੍ਹਾਂ ਦਾ ਪੇਸ਼ਕਾਰੀ ਨਾਲ਼ ਕੋਈ ਮੇਲ ਨਾ ਹੋਵੇ।

**IV.** ਇਸ ਗੱਲ ਦਾ ਖ਼ਾਸ ਧਿਆਨ ਰੱਖਿਆ ਜਾਵੇ ਕਿ ਕੁੜੀ ਕਿਸੇ ਗਾਇਕਾ ਅਤੇ ਮੁੰਡਾ ਕਿਸੇ ਗਾਇਕ ਵੱਲੋਂ ਗਾਏ ਗੀਤ 'ਤੇ ਹੀ ਪੇਸ਼ਕਾਰੀ ਕਰੇ।

